ਰੋਜ਼ਾਨਾ
# ਲੋਕ ਬਾਣੀ
ਸੱਚ ਤੇ ਨਿਡਰ ਆਵਾਜ਼
ਮੁੱਖ ਸੰਪਾਦਕ : ਅਮਨਦੀਪ ਮਹਿਰਾ
Daily Lokbani, Jalandhar
ਸ਼ੁੱਕਰਵਾਰ, 15 ਅਗਸਤ, 2025
Email : lokbani08@gmail.com
R. N. I. Punpun/29016/2008 | ਸਾਲ : 16 ਅੰਕ: 362 | ਮੁੱਲ : 06 ਰੁਪਏ • ਕੁੱਲ ਪੰਨੇ : 08, ਦਫ਼ਤਰ : 2211009, M : +91 99155 94111







1140 VISA
1 ਜਨਵਰੀ 2025 ਤੋਂ 18 ਜੂਨ 2025 ਤੱਕ ਲੱਗੇ
TOURIST VISA
CANADA/ USA
SCHENGEN/ AUSTRALIA/ UK/ NZ
easyvisa
8283 000800
ਅਪਲਾਈ ਕਰਨ ਤੋਂ ਪਹਿਲਾਂ ਲੱਗੇ ਹੋਏ ਵੀਜ਼ਾ ਜ਼ਰੂਰ ਚੈਕ ਕਰੋ ਫਿਰ ਅਪਲਾਈ ਕਰੋ

## ਸ਼ਿਲਪਾ ਸ਼ੈੱਟੀ ਤੇ ਰਾਜ ਕੁੰਦਰਾ ਵਿਰੁੱਧ ਕੇਸ ਦਰਜ



ਮੁੰਬਈ (ਲੋਕ ਬਾਣੀ)-ਮੁੰਬਈ ਦੇ ਇੱਕ ਕਾਰੋਬਾਰੀ ਨੇ ਅਦਾਕਾਰਾ ਸ਼ਿਲਪਾ ਸ਼ੈੱਟੀ ਅਤੇ ਉਸਦੇ ਪਤੀ, ਕਾਰੋਬਾਰੀ ਰਾਜ ਕੁੰਦਰਾ 'ਤੇ 60 ਕਰੋੜ ਰੁਪਏ ਦੀ ਧੋਖਾਧੜੀ ਕਰਨ ਦਾ ਦੋਸ਼ ਲਗਾਇਆ ਹੈ। ਇਹ ਮਾਮਲਾ ਉਨ੍ਹਾਂ ਦੀ ਹੁਣ ਬੰਦ ਹੋ ਚੁੱਕੀ ਬੈਸਟ ਡੀਲ ਟੀਵੀ ਪ੍ਰਾਈਵੇਟ ਲਿਮਟਿਡ ਕੰਪਨੀ ਨਾਲ ਸਬੰਧਤ ਹੈ। ਸ਼ਿਕਾਇਤਕਰਤਾ ਕਾਰੋਬਾਰੀ ਦੀਪਕ ਕੋਠਾਰੀ ਦਾ ਕਹਿਣਾ ਹੈ ਕਿ 2015 ਤੋਂ 2023 ਦੇ ਵਿਚਕਾਰ, ਉਸਨੇ ਕਾਰੋਬਾਰ ਨੂੰ ਵਧਾਉਣ ਲਈ ਜੋੜੇ ਨੂੰ ਕੁੱਲ 60.48 ਕਰੋੜ ਰੁਪਏ ਦਿੱਤੇ, ਪਰ ਇਹ ਰਕਮ ਨਿੱਜੀ ਖਰਚਿਆਂ 'ਤੇ ਖਰਚ ਕੀਤੀ ਗਈ। ਦੀਪਕ ਕੋਠਾਰੀ ਦੇ ਅਨੁਸਾਰ, ਉਹ 2015 ਵਿੱਚ ਏਜੰਟ ਰਾਜੇਸ਼ ਆਰੀਆ ਰਾਹੀਂ ਸ਼ਿਲਪਾ ਅਤੇ ਕੁੰਦਰਾ ਨੂੰ ਮਿਲਿਆ ਸੀ। ਉਸ ਸਮੇਂ ਦੋਵੇਂ ਬੈਸਟ ਡੀਲ ਟੀਵੀ ਦੇ ਡਾਇਰੈਕਟਰ ਸਨ ਅਤੇ ਸ਼ਿਲਪਾ ਕੋਲ ਕੰਪਨੀ ਦੇ 87% ਤੋਂ ਵੱਧ ਸ਼ੇਅਰ ਸਨ। ਇੱਕ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਦੀਪਕ ਸ਼ਿਲਪਾ ਅਤੇ ਰਾਜ ਕੁੰਦਰਾ ਦੀ ਕੰਪਨੀ ਨੂੰ ਕਰਜ਼ਾ ਦੇਵੇਗਾ। ਕੰਪਨੀ ਲਈ 75 ਕਰੋੜ ਰੁਪਏ ਦਾ ਕਰਜ਼ਾ ਮੰਗਿਆ ਗਿਆ ਸੀ, ਜਿਸ 'ਤੇ 12% ਸਾਲਾਨਾ ਵਿਆਜ ਤੈਅ ਕੀਤਾ ਗਿਆ ਸੀ।

# 'ਵੋਟ ਚੋਰੀ ਮਾਮਲਾ': ਇਲੈਕਸ਼ਨ ਕਮਿਸ਼ਨ ਨੇ ਲਿਖਤੀ ਹਲਫਨਾਮੇ ਦੀ ਮੰਗ ਕੀਤੀ

## ਚੋਣ ਕਮਿਸ਼ਨ ਨੇ ਆਪਣੇ 'ਤੇ ਲੱਗੇ ਦੋਸ਼ਾਂ ਦਾ ਦਿੱਤਾ ਸਖਤ ਜਵਾਬ

ਨਵੀਂ ਦਿੱਲੀ (ਲੋਕ ਬਾਣੀ)-ਭਾਰਤ ਦੇ ਚੋਣ ਕਮਿਸਨ ਨੇ ਵੀਰਵਾਰ ਨੂੰ 'ਵੋਟ ਚੋਰੀ' ਦੇ ਦੋਸਾਂ 'ਤੇ ਸਖਤ ਜਵਾਬ ਦਿੰਦਿਆਂ ਕਿਹਾ ਕਿ ਚੋਣ ਬਾਡੀ ਦੇ ਖ਼ਿਲਾਫ ਗਲਤ ਬਿਰਤਾਂਤ ਬਣਾਉਣ ਦੀ ਕੋਸ਼ਿਸ਼ ਭਾਰਤੀ ਵੋਟਰਾਂ 'ਤੇ ਅਤੇ ਚੋਣ ਅਮਲੇ ਦੀ ਅਖੰਡਤਾ 'ਤੇ ਹਮਲਾ ਹੈ। ਇਸ ਕਾਨੂੰਨ ਨੂੰ ਦੁਹਰਾਉਂਦੇ ਹੋਏ ਕਿ ਇੱਕ ਵਿਅਕਤੀ ਨੂੰ ਸਿਰਫ ਇੱਕ ਵੋਟ ਪਾਉਣ ਦੀ ਇਜਾਜ਼ਤ ਹੈ, ਚੋਣ ਕਮਿਸਨ ਨੇ ਕਿਸੇ ਵੀ ਚੋਣ ਵਿੱਚ ਕਿਸੇ ਵਿਅਕਤੀ ਵੱਲੋਂ ਦੋ ਵਾਰ ਵੋਟ ਪਾਉਣ ਦੇ ਸਬੂਤ ਦੇ ਨਾਲ ਇੱਕ ਲਿਖਤੀ ਹਲਫਨਾਮੇ ਦੀ ਮੁੜ ਮੰਗ ਕੀਤੀ। ਇਹ ਬਿਆਨ ਕਾਂਗਰਸ ਦੇ ਸੰਸਦ ਮੈਂਬਰ ਰਾਹੁਲ ਗਾਂਧੀ ਵੱਲੋਂ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਵੱਡੇ ਪੱਧਰ 'ਤੇ ਵੋਟ ਚੋਰੀ ਦੇ ਦੋਸਾਂ ਦੇ ਜਵਾਬ ਵਿੱਚ




ਆਇਆ ਹੈ। ਚੋਣ ਕਮਿਸ਼ਨ ਨੇ ਕਿਹਾ, "ਇੱਕ ਵਿਅਕਤੀ ਇੱਕ ਵੋਟ ਭਾਰਤ ਦੀ ਪਹਿਲੀ ਚੋਣ 1951-1952 ਤੋਂ ਮੌਜੂਦ ਹੈ। ਜੇਕਰ ਕਿਸੇ ਕੋਲ ਕਿਸੇ ਵੀ ਚੋਣ ਵਿੱਚ ਕਿਸੇ ਵਿਅਕਤੀ ਵੱਲੋਂ ਅਸਲ ਵਿੱਚ ਦੋ ਵਾਰ ਵੋਟ ਪਾਉਣ ਦਾ ਕੋਈ ਸਬੂਤ ਹੈ, ਤਾਂ ਇਸ ਨੂੰ ਬਿਨਾਂ ਕਿਸੇ ਸਬੂਤ ਦੇ ਭਾਰਤ ਦੇ ਸਾਰੇ ਵੋਟਰਾਂ ਨੂੰ 'ਚੋਰ' ਰੰਗਤ ਕਰਨ ਦੀ ਬਜਾਏ ਲਿਖਤੀ ਹਲਫਨਾਮੇ ਦੇ ਨਾਲ ਈਸੀਆਈ ਨਾਲ ਸਾਂਝਾ ਕੀਤਾ ਜਾਣਾ ਚਾਹੀਦਾ ਹੈ।" ਚੋਣ ਬਾਡੀ ਨੇ ਅੱਗੇ ਕਿਹਾ, "ਸਾਡੇ ਵੋਟਰਾਂ ਲਈ "ਵੋਟ ਚੋਰੀ" ਵਰਗੇ ਗੰਦੇ ਵਾਕਾਂਸ਼ਾਂ ਦੀ ਵਰਤੋਂ ਕਰਕੇ ਇੱਕ ਗਲਤ ਬਿਰਤਾਂਤ ਬਣਾਉਣ ਦੀ ਕੋਸ਼ਸ?ਸ ਕਰਨਾ, ਕਰੋੜਾਂ ਭਾਰਤੀ ਵੋਟਰਾਂ 'ਤੇ ਸਿੱਧਾ ਹਮਲਾ ਹੀ ਨਹੀਂ ਬਲਕਿ ਲੱਖਾਂ ਚੋਣ ਅਮਲੇ ਦੀ ਅਖੰਡਤਾ 'ਤੇ ਵੀ ਹਮਲਾ ਹੈ।" ਇਸ ਤੋਂ ਪਹਿਲਾਂ ਕਾਂਗਰਸ ਨੇ ਦੋਸ਼ ਲਾਇਆ ਸੀ ਕਿ ਭਾਜਪਾ ਦੀ ਜਿੱਤ ਯਕੀਨੀ ਬਣਾਉਣ ਲਈ ਕਰਨਾਟਕ ਵਿੱਚ ਬੰਗਲੂਰੂ ਕੇਂਦਰੀ ਲੋਕ ਸਭਾ ਹਲਕੇ ਦੇ ਮਹਾਦੇਵਪੁਰਾ ਵਿਧਾਨ ਸਭਾ ਖੇਤਰ ਵਿੱਚ 1,00,250 ਤੋਂ ਵੱਧ "ਨਕਲੀ ਵੋਟਾਂ" ਬਣਾਈਆਂ ਗਈਆਂ ਸਨ।

# ਮਜੀਠੀਏ ਨੂੰ ਅੱਜ ਵੀ ਨਹੀਂ ਮਿਲੀ ਰਾਹਤ ਨਿਆਂਇਕ ਹਿਰਾਸਤ ਵਿੱਚ ਮੁੜ ਹੋਇਆ ਵਾਧਾ

ਮੋਹਾਲੀ (ਲੋਕ ਬਾਣੀ) ਸ੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਦੀ ਮੁਹਾਲੀ ਅਦਾਲਤ ਵਿਖੇ ਕਰੀਬ 12:30 ਵਜੇ ਵੀਡਿਓ ਕਾਨਫਰੰਸਿੰਗ ਰਾਹੀਂ ਪੇਸ਼ੀ ਹੋਈ, ਜਿਸ ਤੋਂ ਬਾਅਦ ਅਦਾਲਤ ਨੇ ਉਨ੍ਹਾਂ ਦੀ ਨਿਆਂਇਕ ਹਿਰਾਸਤ ਵਿਚ 14 ਦਿਨਾਂ ਦਾ ਵਾਧਾ ਕਰ ਦਿੱਤਾ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ ਹੁਣ 28 ਤਰੀਕ ਨੂੰ ਹੋਵੇਗੀ।



ਦੱਸ ਦੇਈਏ ਕਿ ਬਿਕਰਮ ਸਿੰਘ ਮਜੀਠੀਆ ਨੂੰ 25 ਜੂਨ ਨੂੰ ਉਨ੍ਹਾਂ ਦੀ ਅੰਮ੍ਰਿਤਸਰ ਰਿਹਾਇਸ਼ ਤੋਂ ਆਮਦਨ ਤੋਂ ਵੱਧ ਜਾਇਦਾਦ ਮਾਮਲੇ 'ਚ ਵਿਜੀਲੈਂਸ ਵਲੋਂ ਗ੍ਰਿਫਤਾਰ ਕੀਤਾ ਗਿਆ ਸੀ। ਇਸ ਦੇ ਨਾਲ ਹੀ ਦੁਪਹਿਰ ਦੇ ਖਾਣੇ ਤੋਂ ਬਾਅਦ ਮਜੀਠੀਆ ਦੀ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਕੀਤੀ ਜਾਣੀ ਹੈ। ਮਜੀਠੀਆ ਨੂੰ ਬੀਤੇ ਦਿਨ ਵੀ ਅਦਾਲਤ ਤੋਂ ਰਾਹਤ ਨਹੀਂ ਮਿਲੀ ਸੀ। ਅਦਾਲਤ ਨੇ ਜਮਾਨਤ ਅਰਜੀ 'ਤੇ ਦੋ ਘੰਟਿਆਂ ਤੋਂ ਵੱਧ ਦਲੀਲਾਂ ਸੁਣਨ ਤੋਂ ਬਾਅਦ ਮੁੜ ਅੱਜ ਦੀ ਤਰੀਕ ਦੇ ਦਿੱਤੀ ਸੀ।ਬੀਤੇ ਦਿਨ ਅਦਾਲਤ 'ਚ ਸਰਕਾਰੀ ਧਿਰ ਦੀ ਤਰਫੋਂ ਵਿਸੇਸ ਸਰਕਾਰੀ ਵਕੀਲ ਪ੍ਰੀਤ ਇੰਦਰ ਪਾਲ ਸਿੰਘ ਅਤੇ ਫੈਰੀ ਸੋਫਤ ਪੇਸ ਹੋਏ, ਜਦਕਿ ਬਚਾਅ ਧਿਰ ਦੀ ਤਰਫ ਤੋਂ ਵਕੀਲ ਡੀ. ਐਸ. ਸੋਬਤੀ, ਐੱਚ. ਐਸ. ਧਨੋਆ ਅਤੇ ਸ੍ਰੋਮਣੀ ਅਕਾਲੀ ਦਲ ਦੇ ਬੁਲਾਰੇ ਵਕੀਲ ਅਰਸਦੀਪ ਸਿੰਘ ਕਲੇਰ ਨੇ ਅਗਵਾਈ ਕੀਤੀ।





ਆਜ਼ਾਦੀ ਦਿਹਾੜੇ ਦੀਆਂ ਲੋਕ ਬਾਣੀ ਦੇ ਸਮੂਹ ਪਾਠਕਾਂ ਨੂੰ ਬਹੁਤ ਬਹੁਤ ਮੁਬਾਰਕਾਂ
ਮੁੱਖ ਸੰਪਾਦਕ : ਅਮਨਦੀਪ ਮਹਿਰਾ



ਆਜ਼ਾਦੀ ਦਿਹਾੜੇ ਦੀਆਂ ਲੋਕ ਬਾਣੀ ਦੇ ਸਮੂਹ ਪਾਠਕਾਂ ਨੂੰ ਬਹੁਤ ਬਹੁਤ ਮੁਬਾਰਕਾਂ
ਅਮਰਨਾਥ, ਏਸੀਪੀ, ਜਲੰਧਰ



ਆਜ਼ਾਦੀ ਦਿਹਾੜੇ ਦੀਆਂ ਲੋਕ ਬਾਣੀ ਦੇ ਸਮੂਹ ਪਾਠਕਾਂ ਨੂੰ ਬਹੁਤ ਬਹੁਤ ਮੁਬਾਰਕਾਂ
ਪਰਵੀਨ ਕੁਮਾਰ, ਜ਼ਿਲ੍ਹਾ ਇੰਚਾਰਜ ਫਾਜ਼ਿਲਕਾ



ਆਜ਼ਾਦੀ ਦਿਹਾੜੇ ਦੀਆਂ ਲੋਕ ਬਾਣੀ ਦੇ ਸਮੂਹ ਪਾਠਕਾਂ ਨੂੰ ਬਹੁਤ ਬਹੁਤ ਮੁਬਾਰਕਾਂ
ਰੋਸ਼ਨ ਲਾਲ,ਆੜ੍ਹਤੀ ਤੇ ਸਮਾਜ ਸੇਵਕ ਮਕਸੂਦਾਂ ਮੰਡੀ, ਜਲੰਧਰ



ਆਜ਼ਾਦੀ ਦਿਹਾੜੇ ਦੀਆਂ ਲੋਕ ਬਾਣੀ ਦੇ ਸਮੂਹ ਪਾਠਕਾਂ ਨੂੰ ਬਹੁਤ ਬਹੁਤ ਮੁਬਾਰਕਾਂ
ਸਿਮਰਨਜੀਤ ਸਿੰਘ, ਹੋਟਲ ਕਾਰੋਬਾਰੀ ਜਲੰਧਰ



ਆਜ਼ਾਦੀ ਦਿਹਾੜੇ ਦੀਆਂ ਲੋਕ ਬਾਣੀ ਦੇ ਸਮੂਹ ਪਾਠਕਾਂ ਨੂੰ ਬਹੁਤ ਬਹੁਤ ਮੁਬਾਰਕਾਂ
ਵਿਨੈਪਾਲ ਸਿੰਘ, ਸੀਨੀਅਰ ਪੱਤਰਕਾਰ ਜਲੰਧਰ

SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
Ambulance Service 24hrs.
FACILITIES AVAILABLE
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

जय भवानी | जय माता दी | जय शिव शंकर
संकट मोचन दरबार
जो आवे सो राजी जावे
Mob.: 98151-01551
39-A, SHANKER GARDEN, NEAR INCOME TAX COLONY, JALANDHAR
E-mail: luckchanger@consultant.com
राजीव शर्मा

St. Soldier GROUP OF INSTITUTIONS
EDUCATIONAL 64 YEARS EXCELLENCE — SINCE 1958
MORE THAN • 56 Colleges & Schools • 200 Merit Positions • 125 Companies For Placements • 75 Academic Courses • 2000 Placements In 2022 - 2023 • 42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.* • Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB • PG DIPLOMA IN CYBER LAW
TEACHER / PHYSICAL EDUCATION
• BPES • B.Ed. • D.El.Ed. • B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
/stsoldiergroup
www.stsoldiergroup.com
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565

INNOCENT HEARTS GROUP OF INSTITUTIONS
Learning Today... Leading Tomorrow !
150+ Placements In Session 2022-23
18+ MOUs with Industries
upto 100% Scholarship Schemes*
Offering 20+ Programmes
Management | Commerce | Information Technology
Hospitality | Medical Lab | Healthcare Sciences
Enroll for Session 2023-24
1800-833-4600
87250-33447
www.ihgi.in

JSDC GROUP
ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ
82880 21797
82880 21798
ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018
WWW.JSDCGROUP.COM
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਉਂਟਸ ਨੂੰ ਫਾਲੋ ਕਰੋ
JSDC GROUP - INDIA

AK STUDY VISA
MONTREAL ਦਾ ਕੋਈ ਵੀ ਕਾਲਜ
IELTS 6 EACH
PTE 50
Scholarship $2000
HELPLINE 81950-50099

DIPS IMT
DIPS INSTITUTE OF MANAGEMENT & TECHNOLOGY
DIPS INSTITUTIONS — CHAIN OF DIPS INSTITUTIONS — KNOWLEDGE IS POWER
RAMNEEK AVENUE, PATHANKOT BYE PASS JALANDHAR CITY
www.dipsimt@gmail.com ( dipsimt@gmail.com )
CONTACT : 95010-00697, 97806-00998

# ਲੋੜਵੰਦ ਪਰਿਵਾਰਾਂ ਲਈ ਮਾਨ ਸਰਕਾਰ ਦਾ ਵੱਡਾ ਕਦਮ - ਚੇਅਰਮੈਨ ਰਾਜੀਵ ਸਰਮਾ

ਗੁਰਦਾਸਪੁਰ ( ਜਸਵਿੰਦਰ ਸਿੰਘ - ਲੋੜਵੰਦ ਪਰਿਵਾਰਾਂ ਲਈ ਮਾਨ ਸਰਕਾਰ ਦਾ ਵੱਡਾ ਕਦਮ ਹੁਣ ਹੋਰ ਅਸਾਨੀ ਨਾਲ ਮਿਲੇਗਾ 51,000 ਦਾ ਸਗਨ ਤਹਿਸੀਲਦਾਰ ਵੱਲੋਂ ਜਾਰੀ ਵਿਆਹ ਸਰਟੀਫ਼ਿਕੇਟ ਦੀ ਸਰਤ ਹਟਾਈ ਧਾਰਮਿਕ ਸੰਸਥਾ ਚੋ ਹੋਏ ਵਿਆਹ



ਦੀਆਂ ਤਸਵੀਰਾਂ ਅਤੇ ਦੋਨੇ ਪਰਿਵਾਰਾਂ ਵੱਲੋਂ ਸਵੈ ਘੋਸਣਾ ਪੱਤਰ ਹੀ ਕਾਫੀ ਹੋਵੇਗਾ ਚੇਅਰਮੈਨ ਰਾਜੀਵ ਸਰਮਾ ਨਗਰ ਸੁਧਾਰ ਟਰੱਸਟ ਗੁਰਦਾਸਪੁਰ ਨੇ ਮੀਡੀਆ

**ਹੁਣ ਹੋਰ ਅਸਾਨੀ ਨਾਲ ਮਿਲੇਗਾ 51,000 ਦਾ ਸਗਨ - ਚੇਅਰਮੈਨ ਰਾਜੀਵ ਸਰਮਾ ਨਗਰ ਸੁਧਾਰ ਟਰੱਸਟ ਗੁਰਦਾਸਪੁਰ**

ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਇਸ ਦਾ ਫਾਇਦਾ ਹਰ ਕਿਸੇ ਨੂੰ ਮਿਲੇਗਾ ਤੇ ਜੋ ਗਰੀਬ ਪਰਿਵਾਰ ਹਨ ਉਹ ਇਸ ਦਾ ਫਾਇਦਾ ਹੁਣ ਅਸਾਨੀ ਨਾਲ ਲੈ ਸਕਣਗੇ ਤੇ ਉਹਨਾਂ ਨੂੰ ਹੁਣ ਕਿਤੇ ਹੋਰ ਖੱਜਲ ਖੁਆਰ ਹੋਣ ਦੀ ਲੋੜ ਨਹੀਂ ਤੇ ਚੇਅਰਮੈਨ ਨੇ ਕਿਹਾ ਕਿ ਇਹ ਇੱਕ ਆਮ ਆਦਮੀ ਪਾਰਟੀ ਮਾਨ ਸਰਕਾਰ ਦਾ ਵੱਡਾ ਫੈਸਲਾ ਹੈ ਅਤੇ ਆਮ ਆਦਮੀ ਪਾਰਟੀ ਦਿਨ ਬੋ ਦਿਨ ਆਪਣੇ ਕੀਤੇ ਹੋਏ ਵਾਅਦੇ ਤੇ ਖਰੀ ਉਤਰੀ ਦੀ ਹੋਈ ਨਜਰ ਆ ਰਹੀ ਤੇ ਉਹਨਾਂ ਨੇ ਪਾਰਟੀ ਹਾਈ ਕਮਾਂਡ ਦਾ ਧੰਨਵਾਦ ਕੀਤਾ



# ਲੈਂਡ ਪੂਲਿੰਗ ਸਕੀਮ ਰੱਦ ਹੋਣ ਤੇ ਘੁਰਾਲੀਆਂ ਨੇ ਵੰਡੇ ਲੱਡੂ ਕੀਤੀ ਆਤਿਸਬਾਜੀ, ਅਤੇ ਪੰਜਾਬ ਸਰਕਾਰ ਦਾ ਕੀਤਾ ਧੰਨਵਾਦ

ਗੁਰਦਾਸਪੁਰ ( ਜਸਵਿੰਦਰ ਸਿੰਘ )- ਪੰਜਾਬ ਸਰਕਾਰ ਵੱਲੋਂ ਲੈਂਡ ਪੂਲਿੰਗ ਸਕੀਮ ਨੂੰ ਵਾਪਸ ਲੈ ਲਿਆ ਗਿਆ ਹੈ ਜਿਸਦੇ ਚਲਦਿਆਂ ਗੁਰਦਾਸਪੁਰ ਦੇ ਪਿੰਡ ਘੁਰਾਲਾ ਦੀ ਲਗਭਗ 80 ਏਕੜ ਤੋਂ ਵੱਧ ਜਮੀਨ ਇਸ ਸਕੀਮ ਦੇ ਅਧੀਨ ਆਈ ਸੀ ਦੇ ਕਿਸਾਨਾਂ ਨੇ ਸਰਕਾਰ ਦਾ ਫੈਸਲਾ ਵਾਪਸ ਲੈਣ ਤੋਂ ਬਾਅਦ ਜੰਮ ਕੇ ਆਤਿਸਬਾਜੀ ਕੀਤੀ ਅਤੇ ਲੱਡੂ ਵੰਡ ਕੇ ਖੁਸੀ ਮਨਾਈ ਉਹਨਾਂ ਦੀ ਖੁਸੀ ਵਿੱਚ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਦੇ ਭਰਾ ਨਗਰ ਕੌਂਸਲ ਗੁਰਦਾਸਪੁਰ ਪ੍ਰਧਾਨ ਬਲਜੀਤ ਸਿੰਘ ਪਾਹੜਾ ਵੀ ਸਰੀਕ ਹੋਏ ਇਸ ਮੌਕੇ ਤੇ ਬੋਲਦਿਆਂ ਹੋਇਆਂ ਯੂਥ ਪ੍ਰਧਾਨ ਬਲਜੀਤ ਸਿੰਘ ਪਾਹੜਾ ਨੇ ਕਿਹਾ ਕਿ ਇਹ ਕਿਸਾਨਾਂ ਦੀ ਜਿੱਤ ਹੋਈ ਹੈ ਕਿਉਂਕਿ ਕਿਸਾਨਾਂ ਨੇ ਇੱਕਜੁੱਟ ਹੋ ਕੇ ਇਸ ਦਾ ਵਿਰੋਧ ਕੀਤਾ ਸੀ ਅਤੇ

**ਕਾਂਗਰਸ ਪਾਰਟੀ ਵੱਲੋਂ ਹਰ ਮੌਕੇ ਦੇ ਉੱਪਰ ਕਿਸਾਨਾਂ ਦਾ ਸਮਰਥਨ ਕੀਤਾ ਗਿਆ ਹੈ - ਪ੍ਰਧਾਨ ਬਲਜੀਤ ਸਿੰਘ ਪਾਹੜਾ**

ਕਾਂਗਰਸ ਪਾਰਟੀ ਵੱਲੋਂ ਹਰ ਮੌਕੇ ਦੇ ਉੱਪਰ ਕਿਸਾਨਾਂ ਦਾ ਸਮਰਥਨ ਕੀਤਾ ਗਿਆ ਸੀ ਉਥੇ ਇਸ ਮੌਕੇ ਤੇ ਪਿੰਡ ਘੁਰਾਲਾ ਦੇ ਕਿਸਾਨਾਂ ਨੇ ਵੀ ਇਸ ਜਿੱਤ ਦੇ ਉੱਪਰ ਖੁਸੀ ਮਨਾਉਂਦਿਆਂ ਹੋਇਆਂ ਦੱਸਿਆ ਕਿ ਇਸ ਦਾ ਕ੍ਰੈਡਿਟ ਅਸੀਂ ਹਲਕਾ ਵਿਧਾਇਕ ਗੁਰਦਾਸਪੁਰ ਬਰਿੰਦਰਮੀਤ ਸਿੰਘ ਪਾਹੜਾ ਅਤੇ ਇੱਥੋਂ ਦੀਆਂ ਸਾਰੀਆਂ ਕਿਸਾਨ ਜਥੇਬੰਦੀਆਂ ਨੂੰ ਦਿੰਦੇ ਹਾਂ ਜਿਨਾਂ ਨੇ ਹਰ ਮੌਕੇ ਤੇ ਸਾਡਾ ਸਾਥ ਦਿੱਤਾ ਤੇ ਅੱਜ ਸਾਡੀ ਜਿੱਤ ਪ੍ਰਾਪਤ ਹੋਈ ਹੈ

# ਅੱਜ ਪਾਵਨ ਪਵਿੱਤਰ ਅਸਥਾਨ ਗੁਰਦੁਆਰਾ ਹੋਠੀਆ ਸਾਹਿਬ ਜੀ ਵਿਖੇ ਨਮਸਕਾਰ ਹੋਏ-ਚੇਅਰਮੈਨ ਜੋਬਨ ਰੰਧਾਵਾ

## ਜੋਬਨ ਰੰਧਾਵਾ ਚੇਅਰਮੈਨ ਪਲੈਨਿੰਗ ਬੋਰਡ ਨੂੰ ਪਾਰਟੀ ਵਰਕਰਾਂ ਵੱਲੋਂ ਸਨਮਾਨਿਤ ਕੀਤਾ

ਗੁਰਦਾਸਪੁਰ ( ਜਸਵਿੰਦਰ ਸਿੰਘ )-ਅੱਜ ਪਾਵਨ ਪਵਿੱਤਰ ਅਸਥਾਨ ਗੁਰਦੁਆਰਾ ਹੋਠੀਆ ਸਾਹਿਬ ਜੀ ਵਿਖੇ ਦਾਸ ਨੂੰ ਚੇਅਰਮੈਨ ਪਲੈਨਿੰਗ ਬੋਰਡ ਲਗਾਉਣ ਤੇ ਸਮੂਹ ਪਾਰਟੀ ਵਰਕਰਾਂ ਹਲਕਾ ਫਤਿਹਗੜ੍ਹ ਚੂੜੀਆਂ ਵੱਲੋਂ ਆਰੰਭ ਕਰਵਾਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਜਿਸ ਵਿੱਚ ਗੁਰੂ ਦੇ ਚਰਨਾਂ ਵਿੱਚ ਹਾਜਰੀ ਲਗਵਾਈ ਚੇਅਰਮੈਨ ਜੋਬਨ ਰੰਧਾਵਾ ਨੇ ਪਾਰਟੀ ਦੇ ਸਾਰੇ ਹੀ ਅਹੁਦੇਦਾਰਾ ਵਰਕਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਉੱਥੇ ਹੀ ਜੋਬਨ ਰੰਧਾਵਾ ਨੂੰ ਚੇਅਰਮੈਨ ਪਲੈਨਿੰਗ ਬੋਰਡ ਬਣਨ ਤੇ ਵਰਕਰਾਂ ਵੱਲੋਂ ਸਨਮਾਨਿਤ ਕੀਤਾ ਗਿਆ ਇਸ ਮੌਕੇ ਤੇ ਦਲਜੀਤ ਸਿੰਘ ਲੱਕੀ ਪਲੈਨਿੰਗ ਬੋਰਡ ਮੈਂਬਰ ਬਣਣ ਤੇ ਫਤਿਹਗੜ੍ਹ ਚੂੜੀਆਂ ਅਤੇ ਵਰਕਰਾਂ ਵੱਲੋਂ ਸਨਮਾਨਿਤ ਕੀਤਾ ਗਿਆ ਇਸ ਮੌਕੇ ਤੇ ਉਹਨਾਂ ਨੇ ਕਿਹਾ ਕਿ ਮੈਂ ਆਪਣੇ ਹਲਕੇ ਦੇ ਵਰਕਰਾਂ ਅਤੇ ਸਾਥੀਆਂ ਦਾ



ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਇਹਨਾਂ ਮਾਣ ਤੇ ਸਤਿਕਾਰ ਦਿੱਤਾ ਸਪੈਸਲ ਤੋਰ ਤੇ ਚੇਅਰਮੈਨ ਜੋਬਨ ਰੰਧਾਵਾ ਅਤੇ ਦਲਜੀਤ ਸਿੰਘ ਲੱਕੀ ਇਸ ਮੌਕੇ ਤੇ ਆਏ ਹੋਏ ਸਾਰੇ ਹੀ ਸੱਜਣਾਂ ਮਿੱਤਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ

# ਚੇਅਰਮੈਨ ਰਮਨ ਬਹਿਲ ਤੇ ਡਿਪਟੀ ਕਮਿਸਨਰ ਨੇ ਮੁੱਖ ਮੰਤਰੀ ਰਾਹਤ ਫੰਡ ਵਿੱਚੋਂ ਮਰਹੂਮ ਰਣਦੀਪ ਸਿੰਘ ਦੇ ਪਰਿਵਾਰ ਨੂੰ 2 ਲੱਖ ਰੁਪਏ ਦੀ ਸਹਾਇਤਾ ਰਾਸੀ ਦਾ ਚੈੱਕ ਸੌਂਪਿਆ

## ਬਹਿਲ ਪਰਿਵਾਰ ਨੇ ਹਮੇਸਾਂ ਹੀ ਸੇਵਾ ਦੀ ਰਾਜਨੀਤੀ ਕੀਤੀ ਹੈ - ਰਮਨ ਬਹਿਲ

ਗੁਰਦਾਸਪੁਰ ( ਜਸਵਿੰਦਰ ਸਿੰਘ ) - ਪਿੰਡ ਬੱਬੇਹਾਲੀ ਦੇ ਨੌਜਵਾਨ ਮਰਹੂਮ ਰਣਦੀਪ ਸਿੰਘ ਰਾਣਾ ਜਿਸ ਦੀ ਬੀਤੀ 5 ਜੂਨ ਨੂੰ ਮੌਤ ਹੋ ਗਈ ਸੀ, ਦੇ ਪਰਿਵਾਰ ਨੂੰ ਇਸ ਦੁੱਖ ਦੀ ਘੜੀ ਵਿੱਚ ਢਾਰਸ ਦੇਣ ਲਈ ਪੰਜਾਬ ਸਰਕਾਰ ਅੱਗੇ ਆਈ ਹੈ। ਪੰਜਾਬ ਹੈਲਥ ਸਿਸਟਮਜ ਕਾਰਪੋਰੇਸਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ ਦੀ ਕੋਸ਼ਿਸ ਸਦਕਾ ਪੰਜਾਬ ਸਰਕਾਰ ਵੱਲੋਂ ਮਰਹੂਮ ਰਣਦੀਪ ਸਿੰਘ ਰਾਣਾ ਦੇ ਪਿਤਾ ਕਰਨੈਲ ਸਿੰਘ ਨੂੰ ਮੁੱਖ ਮੰਤਰੀ ਰਾਹਤ ਫੰਡ ਵਿੱਚੋਂ 2 ਲੱਖ ਰੁਪਏ ਦੀ ਸਹਾਇਤਾ ਰਾਸੀ ਦਿੱਤੀ ਗਈ ਹੈ।2 ਲੱਖ ਰੁਪਏ ਦੀ ਸਹਾਇਤਾ ਰਾਸੀ ਦਾ ਚੈੱਕ ਅੱਜ ਚੇਅਰਮੈਨ ਸ੍ਰੀ ਰਮਨ ਬਹਿਲ ਵੱਲੋਂ ਡਿਪਟੀ ਕਮਿਸਨਰ ਗੁਰਦਾਸਪੁਰ ਸ੍ਰੀ ਦਲਵਿੰਦਰਜੀਤ ਸਿੰਘ ਦੀ ਹਾਜਰੀ ਵਿੱਚ ਪੀੜ੍ਹਤ ਪਰਿਵਾਰ ਨੂੰ ਭੇਂਟ ਕੀਤਾ ਗਿਆ ਪੀੜ੍ਹਤ ਪਰਿਵਾਰ ਦੀ ਮਾਲੀ ਇਮਦਾਦ ਕਰਨ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਦਾ ਧੰਨਵਾਦ ਕਰਦਿਆਂ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਕਿਹਾ ਕਿ 5 ਜੂਨ ਨੂੰ ਪਿੰਡ ਬੱਬੇਹਾਲੀ ਦੇ ਵਾਸੀ ਨੌਜਵਾਨ ਰਣਦੀਪ ਸਿੰਘ ਰਾਣਾ ਦੀ ਨਹਿਰ



ਵਿੱਚ ਡੁੱਬਣ ਕਾਰਨ ਮੌਤ ਹੋ ਗਈ ਸੀ ਅਤੇ ਕੁਝ ਸਮਾਜਿਕ ਜਥੇਬੰਦੀਆਂ ਵੱਲੋਂ ਪੀੜ੍ਹਤ ਪਰਿਵਾਰ ਲਈ ਮੁਆਵਜੇ ਦੀ ਮੰਗ ਨੂੰ ਲੈ ਕੇ ਬੱਬਰੀ ਬਾਈਪਾਸ ਵਿਖੇ ਧਰਨਾ ਲਗਾਇਆ ਗਿਆ ਸੀ। ਉਨ੍ਹਾਂ ਨੇ ਪੀੜ੍ਹਤ ਪਰਿਵਾਰ ਨੂੰ ਪੰਜਾਬ ਸਰਕਾਰ ਵੱਲੋਂ ਹਰ ਸੰਭਵ ਮਦਦ ਦਿਵਾਉਣ ਦਾ ਭਰੋਸਾ ਦਿਵਾਇਆ ਸੀ ਚੇਅਰਮੈਨ ਸ੍ਰੀ ਬਹਿਲ ਨੇ ਕਿਹਾ ਕਿ ਉਨ੍ਹਾਂ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਧਿਆਨ ਵਿੱਚ ਇਹ ਸਾਰਾ ਮਸਲਾ ਲਿਆਂਦਾ ਸੀ ਅਤੇ ਸ. ਮਾਨ ਜੋ ਕਿ ਅਜਿਹੇ ਮਸਲਿਆਂ ਪ੍ਰਤੀ ਬਹੁਤ ਸੰਵੇਦਨਸੀਲ ਹਨ, ਵੱਲੋਂ ਪੀੜ੍ਹਤ ਪਰਿਵਾਰ ਨੂੰ ਮੁੱਖ ਮੰਤਰੀ ਰਾਹਤ ਫੰਡ ਵਿੱਚੋਂ 2 ਲੱਖ ਰੁਪਏ ਦੀ ਸਹਾਇਤਾ ਦੇਣ ਦਾ ਭਰੋਸਾ ਦਿੱਤਾ ਸੀ। ਸ੍ਰੀ ਬਹਿਲ ਨੇ ਕਿਹਾ ਕਿ ਮਾਨ ਸਰਕਾਰ ਨੇ ਆਪਣਾ ਵਾਅਦਾ ਨਿਭਾਉਂਦਿਆਂ ਮਾਲੀ ਇਮਦਾਦ ਵਜੋਂ 2 ਲੱਖ ਰੁਪਏ ਦਾ ਚੈੱਕ ਡਿਪਟੀ ਕਮਿਸਨਰ ਗੁਰਦਾਸਪੁਰ ਨੂੰ ਭੇਜਿਆ ਸੀ, ਜਿਸ ਨੂੰ ਅੱਜ ਮਰਹੂਮ ਨੌਜਵਾਨ ਮਰਹੂਮ ਰਣਦੀਪ ਸਿੰਘ ਰਾਣਾ ਦੇ ਪਿਤਾ ਕਰਨੈਲ ਸਿੰਘ ਦੇ ਸਪੁਰਦ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਭਾਵੇਂ ਰਣਦੀਪ ਸਿੰਘ ਨੂੰ ਵਾਪਸ ਤਾਂ ਨਹੀਂ ਲਿਆਂਦਾ ਜਾ ਸਕਦਾ ਪਰ ਇਹ ਸਹਾਇਤਾ ਰਾਸੀ ਉਸ ਦੇ ਪਰਿਵਾਰ ਦੀਆਂ ਕੁਝ ਲੋੜਾਂ ਪੂਰੀਆਂ ਕਰਨ ਵਿੱਚ ਜਰੂਰ ਸਹਾਈ ਹੋਵੇਗੀ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਔਖੀ ਘੜੀ ਵਿੱਚ ਕਿਸੇ ਨਾਲ ਖੜੇ ਹੋਣਾ ਸਾਡਾ ਇਖਲਾਕੀ ਫਰਜ ਹੈ। ਸ੍ਰੀ ਬਹਿਲ ਨੇ ਕਿਹਾ ਕਿ ਉਨ੍ਹਾਂ ਦੇ ਪਰਿਵਾਰ ਨੇ ਹਮੇਸਾਂ ਹੀ ਸੇਵਾ ਦੀ ਰਾਜਨੀਤੀ ਕੀਤੀ ਹੈ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਉਹ ਲੋਕਾਂ ਦੀ ਭਲਾਈ ਅਤੇ ਸੇਵਾ ਨੂੰ ਸਮਰਪਿਤ ਹਨ। ਉਨ੍ਹਾਂ ਕਿਹਾ ਕਿ ਉਹ ਆਪਣਾ ਇਨਸਾਨੀ ਫਰਜ ਸਮਝਦੇ ਹੋਏ ਹਮੇਸਾਂ ਇਸ ਪੀੜ੍ਹਤ ਪਰਿਵਾਰ ਦੇ ਨਾਲ ਖੜ੍ਹੇ ਹਨ ਦੱਸਣਯੋਗ ਹੈ ਕਿ ਚੇਅਰਮੈਨ ਸ੍ਰੀ ਰਮਨ ਬਹਿਲ ਇਸ ਤੋਂ ਪਹਿਲਾਂ ਵੀ ਗੁਰਦਾਸਪੁਰ ਸਹਿਰ ਦੇ ਅਮਾਂਮਵਾੜਾ ਚੌਂਕ ਵਿੱਚ ਜਿਨ੍ਹਾਂ ਦੁਕਾਨਦਾਰਾਂ ਦੀਆਂ ਦੁਕਾਨਾਂ ਅੱਗ ਲੱਗਣ ਨਾਲ ਸੜ ਗਈਆਂ ਸਨ, ਉਨ੍ਹਾਂ ਦੁਕਾਨਦਾਰਾਂ ਨੂੰ ਪੰਜਾਬ ਸਰਕਾਰ ਵੱਲੋਂ 1-1 ਲੱਖ ਰੁਪਏ ਦੀ ਮਾਲੀ ਸਹਾਇਤਾ ਦਿਵਾ ਚੁੱਕੇ ਹਨ। ਇਸੇ ਤਰਾਂ ਉਨ੍ਹਾਂ ਨੇ ਮਰਹੂਮ ਆਸੂਤੋਸ ਦੇ ਪਰਿਵਾਰ ਨੂੰ ਵੀ ਪੰਜਾਬ ਸਰਕਾਰ ਕੋਲੋਂ 2 ਲੱਖ ਰੁਪਏ ਦੀ ਮਾਲੀ ਇਮਦਾਦ ਦਿਵਾਈ ਸੀ

# ਕਾਮਰੇਡ ਮੋਹਨ ਸਿੰਘ ਜੀ ਨੇ ਆਪਣਾ 90ਵਾਂ ਜਨਮਦਿਨ ਮਨਾਇਆ

ਦੀਨਾਨਗਰ (ਡਾ.ਰਮੇਸ਼ ਸਰੰਗਲ ) ਜਿਲੇ ਗੁਰਦਾਸਪੁਰ ਅੰਦਰ ਕਮਿਊਨਿਸਟ ਵਿਚਾਰਧਾਰਾ ਦਾ ਪ੍ਰਚਾਰ ਅਤੇ ਪ੍ਰਸਾਰ ਕਰਨ ਵਾਲੇ ਮੋਢੀ ਕਮਿਊਨਿਸਟ ਆਗੂ ਕਾਮਰੇਡ ਮੋਹਨ ਸਿੰਘ ਨੇ ਆਪਣਾ 90 ਵਾਂ ਜਨਮ ਦਿਨ ਬਰਿਸਟਾ ਪੈਲਸ ਦੀਨਾਨਗਰ ਵਿਖੇ ਮਨਾਇਆ। ਕਾਮਰੇਡ ਮੋਹਨ ਸਿੰਘ ਜੀ ਸਕੂਲ ਅਧਿਆਪਕ ਸਨ। ਅਧਿਆਪਕ ਦੀ ਨੌਕਰੀ ਕਰਦਿਆ ਵੀ ਉਹ ਵਿਗਿਆਨਕ ਸੋਚ ਨਾਲ ਜੁੜੇ ਰਹੇ। ਗੌਰਮਿੰਟ ਟੀਚਰ ਯੂਨੀਅਨ ਵਿੱਚ ਕੰਮ ਕਰਦੇ ਰਹੇ। ਜੇਕਰ ਸਮਾਜ ਵਿੱਚ ਕਿਸੇ ਕਾਲ ਧੱਕਾ ਹੁੰਦਾ ਤਾਂ ਕਾਮਰੇਡ ਜੀ ਡੱਟ ਕੇ ਬੇ-ਇਨਸਾਫੀ ਖਿਲਾਫ ਖੜਦੇ ਰਹੇ। ਅੱਜ ਉਹਨਾਂ ਦੇ 90 ਵੇਂ ਜਨਮ ਦਿਨ ਤੇ ਹਿੰਦੂ ਕਮਿਊਨਿਸਟ ਪਾਰਟੀ ਮਾਰਕਸ ਵਾਦੀ ਤਹਿਸੀਲ ਗੁਰਦਾਸਪੁਰ ਦੀ ਇਕਾਈ ਵੱਲੋਂ ਉਹਨਾਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਪਾਰਟੀ ਮੈਂਬਰਾਂ ਨੇ ਕਾਮਰੇਡ ਜੀ ਦੇ ਹਾਰ ਪਾ ਕੇ ਉਹਨਾਂ ਨੂੰ ਸਨਮਾਨਿਤ ਕੀਤਾ ਉਹਨਾਂ ਦੀ ਲੰਬੀ ਉਮਰ ਅਤੇ ਹਮੇਸਾ



ਤੰਦਰੁਸਤੀ ਦੀ ਕਾਮਨਾ ਕੀਤੀ । ਇਸ ਸਮੇਂ ਕਾਮਰੇਡ ਜੀ ਦੇ ਬੇਟੇ ਡਾ. ਦਲਜੀਤ ਸਿੰਘ ਚੋਹਾਨ, ਇੰਜੀਨੀਅਰ ਮਨਜੀਤ ਸਿੰਘ, ਪਰਮਿੰਦਰ ਚੋਹਾਨ ਪ੍ਰਧਾਨ ਨਗਰ ਕੌਂਸਲ ਦੀਨਾਨਗਰ , ਕਾਮਰੇਡ ਮੋਹਨ ਸਿੰਘ ਦੀ ਧਰਮਪਤਨੀ ਸਵਰਨ ਕੌਰ ਜਨਵਾਦੀ ਇਸਤਰੀ ਸਭਾ ਦੀ ਆਗੂ ਤੋਂ ਇਲਾਵਾ ਪਾਰਟੀ ਮੈਂਬਰ ਵੀ ਹਨ। ਇਸ ਮੌਕੇ ਤੇ ਧੀਰਸਿੰਘ ਸਿੱਧੂ ਸਕੱਤਰ, ਪ੍ਰੋ: ਗੁਰਦਿਆਲ ਸਿੰਘ, ਸਵਰਨ ਸਿੰਘ, ਹਰਦੀਪ ਸਿੰਘ, ਵੀਰ ਸਿੰਘ, ਦੇਸ ਰਾਜ, ਡਾ. ਨਵਤੇਜ ਸਿੰਘ, ਲਖਵਿੰਦਰ ਸਿੰਘ ਮਰੜ, ਰੂਪ ਸਿੰਘ ਪੱਡਾ, ਮੁਰਾਰੀ ਲਾਲ ਸ਼ਰਮਾ , ਮਾਇਆਧਾਰੀ, ਪ੍ਰਸੋਤਮ ਲਾਲ, ਜੁਗਲ ਕਿਸੋਰ ਤੋ ਇਲਾਵਾਂ ਕਾਮਰੇਡ ਜੀ ਦੇ ਰਿਸਤੇਦਾਰ ਅਤੇ ਸੱਜਣ ਮਿੱਤਰ ਹਾਜਰ ਸਨ। ਇਸ ਸਮੇ ਕਾਮਰੇਡ ਮੋਹਨ ਸਿੰਘ ਵੱਲੋਂ ਪਾਰਟੀ ਸੂਬਾ ਕਮੇਟੀ ਨੂੰ 5 ਹਜਾਰ ਰੁਪਏ ਅਤੇ ਤਹਿਸੀਲ ਕਮੇਟੀ ਗੁਰਦਾਸਪੁਰ ਨੂੰ 1 ਹਜਾਰ ਰੁਪਏ ਦੀ ਸਹਾਇਤਾ ਰਾਸ਼ੀ ਭੇਂਟ ਕੀਤੀ ਗਈ।

# ਵਿਦਿਆਰਥੀ ਸਿੱਖਿਆ ਪ੍ਰਤੀ ਉਦਾਸਹੀਨ ਕਿਉਂ ਹੋ ਰਹੇ ਹਨ ?

ਅੱਜੋਕੇ ਸਮੇਂ ਵਿੱਚ ਸਿੱਖਿਆ ਜਿਸ ਨੂੰ ਜੀਵਨ ਦਾ ਬੁਨਿਆਦਕ ਢਾਂਚਾ ਮੰਨਿਆ ਜਾਂਦਾ ਹੈ ਇੱਕ ਬਹੁਤ ਵੱਡੇ ਖਤਰੇ ਦਾ ਸਾਮ੍ਹਣਾ ਕਰ ਰਹੀ ਹੈ। ਇੱਕ ਬਹੁਤ ਚਿੰਤਾਜਨਕ ਗੱਲ ਉੱਭਰ ਕੇ ਸਾਹਮਣੇ ਆ ਰਹੀ ਹੈ ਇਹ ਹੈ ਕਿ ਅੱਜ ਸੰਸਾਰ ਭਰ ਦੇ ਬਹੁਗਿਣਤੀ ਵਿਦਿਆਰਥੀ ਪੜ੍ਹਾਈ ਪ੍ਰਤੀ ਆਪਣੀ ਰੁਚੀ ਗੁਆ ਰਹੇ ਹਨ। ਉਹ ਸਿੱਖਿਆ ਤੋਂ ਦੂਰ ਹੋ ਰਹੇ ਹਨ ਅਤੇ ਇਹ ਦੂਰ ਹੋਣਾ ਨਾ ਸਿਰਫ ਵਿਅਕਤੀਗਤ ਪੱਧਰ 'ਤੇ ਬਲਕਿ ਸਮਾਜਿਕ ਅਤੇ ਰਾਸਟਰੀ ਪੱਧਰ'ਤੇ ਵੀ ਵੱਡੇ ਮਾਰੂ ਪ੍ਰਭਾਵ ਛੱਡ ਰਿਹਾ ਹੈ।

ਮੁੱਖ ਕਾਰਨ

() ਮੋਬਾਈਲ ਅਤੇ ਇੰਟਰਨੈਟ ਦਾ ਜ਼ਿਆਦਾ ਉਪਯੋਗ

ਅੱਜ ਦੇ ਵਿਦਿਆਰਥੀ ਮੋਬਾਈਲ ਫੋਨਾਂ, ਸੋਸਲ ਮੀਡੀਆ ਅਤੇ ਆਨਲਾਈਨ ਖੇਡਾਂ 'ਤੇ ਵੱਧ ਸਮਾਂ ਬਿਤਾ ਰਹੇ ਹਨ। ਇਹ ਆਧੁਨਿਕ ਤਕਨੀਕਾਂ ਉਨ੍ਹਾਂ ਦੀ ਕੇਂਦਰਿਤਤਾ ਦੀ ਸਮਰੱਥਾ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ।



() ਅਧਿਆਪਕਾਂ ਅਤੇ ਮਾਪਿਆਂ ਦੀ ਲਾਪਰਵਾਹੀ

ਕਈ ਵਾਰੀ ਅਧਿਆਪਕ ਵਿਦਿਆਰਥੀਆਂ ਦੀਆਂ ਰੁਚੀਆਂ ਨੂੰ ਸਮਝਣ ਦੀ ਕੋਸ਼ਿਸ ਨਹੀਂ ਕਰਦੇ। ਉਨ੍ਹਾਂ ਦੀ ਤਾਲੀਮ ਸਿਰਫ ਯਾਦ ਕਰਨ ਅਤੇ ਅੰਕਾਂ 'ਤੇ ਸੀਮਿਤ ਰਹਿੰਦੀ ਹੈ। ਅੱਜ ਦੇ ਸਮੇਂ ਵਿੱਚ ਮਾਪੇ ਵੀ ਬੱਚਿਆਂ ਤੋਂ ਸਿਰਫ ਉੱਚ ਅੰਕਾਂ ਦੀ ਉਮੀਦ ਕਰਦੇ ਹਨ ਬਜਾਏ ਇਸਦੇ ਕਿ ਆਪਣੇ ਬੱਚਿਆਂ ਨੂੰ ਸਮਝਣ ਦੀ ਕੋਸ਼ਿਸ ਕਰਨ।

() ਸਿੱਖਿਆ ਪ੍ਰਣਾਲੀ ਦੀ ਖਾਮੀਆਂ

ਸਾਡੇ ਦੇਸ ਦੀ ਸਿੱਖਿਆ ਪ੍ਰਣਾਲੀ ਅਜੇ ਵੀ ਪੁਰਾਣੇ ਤੌਰ ਤਰੀਕਿਆਂ 'ਤੇ ਆਧਾਰਿਤ ਹੈ। ਇਸ ਵਿੱਚ ਰਚਨਾਤਮਕਤਾ, ਵਾਸਤਵਿਕਤਾ ਅਤੇ ਜੀਵਨ ਸਿੱਖਿਆ ਦੀ ਕਮੀ ਹੈ ਜਿਸ ਕਾਰਨ ਵਿਦਿਆਰਥੀਆਂ ਵਿੱਚ ਸਿੱਖਿਆ ਪ੍ਰਤੀ ਰੁਚੀ ਘਟਦੀ ਜਾ ਰਹੀ ਹੈ।

() ਆਰਾਮਦਾਇਕ ਅਤੇ ਸੁਸਤ ਜੀਵਨ ਸੈਲੀ

ਟੈਲੀਵਿਜਨ ,ਓ ਟੀ ਕੀ ਪਲੇਟਫਾਰਮ ਅਤੇ ਹੋਰ ਮਨੋਰੰਜਨ ਦੇ ਸਰੋਤ ਵੀ ਬੱਚਿਆਂ ਨੂੰ ਸੁਸਤ ਅਤੇ ਉਦਾਸ ਕਰ ਰਹੇ ਹਨ। ਉਹ ਪੜ੍ਹਾਈ ਨੂੰ ਇੱਕ ਭਾਰ ਵਾਂਗ ਮੰਨਣ ਲੱਗੇ ਹਨ।



ਵਿਦਿਆਰਥੀਆਂ ਦੇ ਅੰਕ ਘਟ ਰਹੇ ਹਨ ਕਿਉਂਕਿ ਉਨ੍ਹਾਂ ਵਿੱਚ ਪੜ੍ਹਾਈ ਪ੍ਰਤੀ ਰੁਚੀ ਨਹੀਂ ਰਹੀ। ਉਹ ਆਪਣੇ ਆਪ 'ਤੇ ਭਰੋਸਾ ਗੁਆ ਰਹੇ ਹਨ। ਇਸ ਤਰ੍ਹਾਂ ਵਿਦਿਆਰਥੀਆਂ ਦਾ ਭਵਿੱਖ ਅਣਨਿਸਚਿਤ ਹੋ ਜਾਂਦਾ ਹੈ ਅਤੇ ਇਸ ਨਾਲ ਵਿਦਿਆਰਥੀਆਂ ਦਾ ਨਸ਼ਿਆਂ ਜਾਂ ਮਾੜੀ ਸੰਗਤ ਵੱਲ ਵੀ ਰੁਝਾਨ ਹੋ ਸਕਦਾ ਹੈ।

ਸੁਝਾਅ ਅਤੇ ਹੱਲ

ਮਾਪਿਆਂ ਅਤੇ ਅਧਿਆਪਕਾਂ ਦੀ ਭੂਮਿਕਾ:

ਉਨ੍ਹਾਂ ਨੂੰ ਵਿਦਿਆਰਥੀਆਂ ਨਾਲ ਨਿਯਮਤ ਸੰਪਰਕ ਬਣਾਈ ਰੱਖਣਾ ਚਾਹੀਦਾ ਹੈ ਅਤੇ ਉਨ੍ਹਾਂ ਦੀਆਂ ਰੁਚੀਆਂ ਨੂੰ ਸਮਝਣ ਦੀ ਕੋਸ਼ਿਸ ਕਰਨੀ ਚਾਹੀਦੀ ਹੈ।

ਸਿੱਖਣ ਦੇ ਤਰੀਕਿਆਂ ਵਿੱਚ ਬਦਲਾਅ:

ਪ੍ਰਯੋਗਾਤਮਕ, ਆਧੁਨਿਕ ਅਤੇ ਰਚਨਾਤਮਕ ਸਿੱਖਿਆ ਨੂੰ ਪ੍ਰੋਤਸਾਹਿਤ ਕਰਨ ਲਈ।

ਮਨੋਰੰਜਨ ਰਾਹੀਂ ਸਿੱਖਣ ਵਿੱਚ ਰੁਚੀ ਬਣਾਉਣਾ: ਸਿੱਖਿਆ ਨੂੰ ਇੱਕ ਦਿਲਚਸਪ ਯਾਤਰਾ ਬਣਾਉਣਾ।

ਮਾਨਸਿਕ ਸਮਰਥਨ:

ਜੇ ਕੋਈ ਵਿਦਿਆਰਥੀ ਡਰ,ਚਿੰਤਾ, ਬੇਚੈਨੀ ਜਾਂ ਪ੍ਰੇਰਣਾ ਦੀ ਕਮੀ ਨਾਲ ਜੂਝ ਰਿਹਾ ਹੈ, ਤਾਂ ਉਸ ਨੂੰ ਕੌਂਸਲਿੰਗ ਦੀ ਲੋੜ ਹੋ ਸਕਦੀ ਹੈ।

ਸਿੱਖਿਆ ਸਿਰਫ ਪੜ੍ਹਾਈ ਕਰਨ ਜਾਂ ਅੰਕ ਪ੍ਰਾਪਤ ਕਰਨ ਦਾ ਇੱਕ ਮਾਧਿਅਮ ਨਹੀਂ ਬਲਕਿ ਜੀਵਨ ਜੀਉਣ ਦੀ ਇੱਕ ਕਲਾ ਹੈ। ਜੇ ਵਿਦਿਆਰਥੀ ਇਸ ਨਾਲ ਨਿਰਾਸ ਹੋ ਰਹੇ ਹਨ ਤਾਂ ਇਹ ਸਮਾਜ, ਮਾਪਿਆਂ, ਅਧਿਆਪਕਾਂ ਅਤੇ ਸਿੱਖਿਆ ਪ੍ਰਣਾਲੀ ਲਈ ਇੱਕ ਖਤਰੇ ਦੀ ਘੰਟੀ ਹੈ। ਜੇ ਅਸੀਂ ਇਸ ਗੱਲ 'ਤੇ ਸਮੇਂ 'ਤੇ ਧਿਆਨ ਨਹੀਂ ਦਿੱਤਾ, ਤਾਂ ਅਗਲੀ ਪੀੜ੍ਹੀ ਵੀ ਉਹ ਸਿੱਖਿਆ ਪ੍ਰਾਪਤ ਕਰਨ ਤੋਂ ਵੰਚਿਤ ਹੋ ਸਕਦੀ ਹੈ ਜਿਸਦੀ ਉਹ ਹੱਕਦਾਰ ਹੈ।

**ਸੁਰਿੰਦਰਪਾਲ ਸਿੰਘ**
**ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ**
**ਪੰਜਾਬ**

# ਮਹਿਲਾ ਦੇ ਮਸਤਿਸਕ ਤੋਂ ਸੰਤਰੇ ਦੇ ਆਕਾਰ ਦਾ ਟਿਊਮਰ ਸਫਲਤਾਪੂਰਕ ਕੱਢਿਆ ਗਿਆ

ਮੋਹਾਲੀ (ਲੋਕ ਬਾਣੀ)-44 ਸਾਲਾ ਮਹਿਲਾ ਨੂੰ ਮੈਕਸ ਹਸਪਤਾਲ, ਮੋਹਾਲੀ ਵਿੱਚ ਹਾਲ ਹੀ ਵਿੱਚ ਉਸਦੇ ਮਸਤਿਸਕ ਤੋਂ ਸੰਤਰੇ ਦੇ ਆਕਾਰ 654 ਸੈਂਟੀਮੀਟਰ, ਦਾ ਟਿਊਮਰ ਸਫਲਤਾਪੂਰਕ ਕੱਢਣ ਦੇ ਬਾਅਦ ਇੱਕ ਨਵਾਂ ਜੀਵਨ ਮਿਲਿਆ। ਇਹ ਟਿਊਮਰ ਮਸਤਿਸਕ ਦੇ ਖੱਬੇ ਭਾਗ ਵਿੱਚ ਉਸ ਖੇਤਰ ਵਿੱਚ ਸਥਿਤ ਸੀ ਜੋ ਯਾਦ, ਵਿਚਾਰ ਅਤੇ ਸੰਵੇਦਨਾਵਾਂ ਵਰਗੇ ਮਹੱਤਵਪੂਰਨ ਕਾਰਜਾਂ ਲਈ ਜਿੰਮੇਵਾਰ ਹੈ। ਮੈਕਸ ਦੇ ਸੀਨੀਅਰ ਨਿਊਰੋ ਸਰਜਨ ਡਾ. ਸੱਚਿਨ ਬਿੰਦਲ ਨੇ ਕਿਹਾ ਕਿ ਇੱਕ ਜਟਿਲ ਨਿਊਰੋ ਸਰਜਰੀ ਪ੍ਰਕਿਰਿਆ ਦੇ ਜਰੀਏ, ਜਿਸ ਵਿੱਚ ਇੱਕ ਬਹੁਤ ਹੀ ਵਿਸੇਸੀਕਰਿਤ ਹਾਈ-ਟੈਕ ਨਿਊਰੋ ਨੇਵੀਗੇਸਨ ਮਸੀਨ ਦੀ ਵਰਤੋਂ ਕੀਤੀ ਗਈ, ਟਿਊਮਰ ਪੂਰੀ ਤਰ੍ਹਾਂ ਹਟਾ ਦਿੱਤਾ ਗਿਆ। ਨਿਊਰੋ ਨੈਵੀਗੇਸਨ ਸਰਜਨ ਨੂੰ ਟਿਊਮਰ ਨਿਕਾਲਣ ਵਿੱਚ ਸਹੀ ਦਿਸਾ ਵਿੱਚ ਮਾਰਗਦਰਸਨ ਕਰਦਾ ਹੈ, ਜਿਵੇਂ ਕਿ ਗੂਗਲ ਮੈਪਸ ਤੁਹਾਨੂੰ ਸਹੀ ਦਿਸ਼ਾ ਵਿੱਚ ਮਾਰਗਦਰਸਨ ਕਰਦਾ ਹੈ।



ਬਲਜੀਤ ਕੌਰ ਨੂੰ ਮੈਕਸ ਵਿੱਚ ਗੰਭੀਰ ਹਾਲਤ ਵਿੱਚ ਲਿਆਇਆ ਗਿਆ ਸੀ। ਉਸਦੀ ਸਕੈਨ ਰਿਪੋਰਟ ਨੇ ਇੱਕ ਵੱਡੇ ਟਿਊਮਰ ਦਾ ਖੁਲਾਸਾ ਕੀਤਾ ਜਿਸਨੂੰ ਕੈਲਸੀਫਾਈਡ ਮੈਨਿੰਜੀਓਮਾ ਵਜੋਂ ਨਿਦਾਨ ਕੀਤਾ ਗਿਆ ਸੀ ਇਹ ਇੱਕ ਮਸਤਿਸਕ ਦਾ ਟਿਊਮਰ ਹੈ ਜੋ ਟਿਊਮਰ ਦੇ ਅੰਦਰ ਕੈਲਸਿਅਮ ਦੇ ਜਮਾਵ ਦੇ ਕਾਰਨ ਪਛਾਣਿਆ ਜਾਂਦਾ ਹੈ। ਇਹ ਮਹੱਤਵਪੂਰਨ ਦਬਾਅ ਪੈਦਾ ਕਰ ਰਿਹਾ ਸੀ, ਜਿਸ ਨਾਲ ਲੱਕਵਾ ਹੋ ਗਿਆ ਸੀ। ਡਾ. ਬਿੰਦਲ ਨੇ ਕਿਹਾ, "ਇਹ ਇੱਕ ਉੱਚ-ਖਤਰੇ ਵਾਲਾ ਮਾਮਲਾ ਸੀ ਜੋ ਮਸਤਿਕ ਦੇ ਬਹੁਤ ਹੀ ਮਹੱਤਵਪੂਰਨ ਖੇਤਰ ਵਿੱਚ ਸਥਿਤ ਸੀ। ਸਾਡਾ ਪ੍ਰਾਥਮਿਕ ਉਦੇਸ ਟਿਊਮਰ ਨੂੰ ਹਟਾਉਣਾ ਸੀ ਜਦੋਂ ਕਿ ਲੋੜੀਂਦੇ ਮਸਤਿਕ ਕਾਰਜਾਂ ਨੂੰ ਸੁਰੱਖਿਅਤ ਰੱਖਣਾ ਸੀ।" ਬਿੰਦਲ ਨੇ ਦੱਸਿਆ ਕਿ ਟਿਊਮਰ ਨੂੰ ਪੂਰੀ ਤਰ੍ਹਾਂ ਕੱਢਣ ਅਤੇ ਪੇਚੀਦਗੀਆਂ ਦੇ ਖਤਰੇ ਨੂੰ ਘੱਟ ਕਰਨ ਲਈ ਸਰਜਰੀ ਲਈ ਬਹੁ-ਅਨੁਸਾਸਨੀ ਪਹੁੰਚ, ਸਾਵਧਾਨੀ ਪੂਰਵਕ ਯੋਜਨਾਬੰਦੀ ਅਤੇ ਨਿਊਰੋ ਨੇਵੀਗੇਸਨ ਪ੍ਰਣਾਲੀਆਂ ਨੂੰ ਸਹੀ ਢੰਗ ਨਾਲ ਲਾਗੂ ਕਰਨਾ ਜਰੂਰੀ ਸੀ। ਨਿਊਰੋ ਨੇਵੀਗੇਸਨ ਸਟੀਕਤਾ ਨੂੰ ਵਧਾਉਂਦਾ ਹੈ, ਛੋਟੀਆਂ ਕੱਟਾਂ ਦੇ ਰਾਹੀਂ ਟਿਊਮਰ ਨਿਕਾਲਣ ਦੀ ਆਗਿਆ ਵੀ ਦਿੰਦਾ ਹੈ। ਸਰਜਰੀ ਨੂੰ ਹੋਰ ਵਿਸਤਾਰ ਨਾਲ ਸਮਝਾਉਂਦਿਆਂ, ਡਾ. ਬਿੰਦਲ ਨੇ ਕਿਹਾ, "ਅਸੀਂ ਇੱਕ ਮਿਨਿਮਲੀ ਇਨਵੈਸਿਵ ਤਰੀਕੇ ਦਾ ਅਨੁਸਰਨ ਕੀਤਾ ਜਿਸ ਵਿੱਚ ਖੋਪੜੀ ਦਾ ਇਕ ਛੋਟਾ ਹਿੱਸਾ ਸਿੱਧੇ ਟਿਊਮਰ ਦੇ ਉੱਪਰੋਂ ਹਟਾਇਆ ਗਿਆ ਅਤੇ ਟਿਊਮਰ ਨੂੰ ਸਟੀਕਤਾ ਨਾਲ ਨਿਕਾਲਿਆ ਗਿਆ।ਇਹ ਸਰਜਰੀ ਦੋ ਘੰਟੇ ਤੱਕ ਚੱਲੀ, ਅਤੇ ਮਹਿਲਾ ਨੂੰ ਸਰਜਰੀ ਦੇ ਤੀਜੇ ਦਿਨ ਸਥਿਰ ਸਥਿਤੀ ਵਿੱਚ ਛੁੱਟੀ ਦੇ ਦਿੱਤੀ ਗਈ। ਮਹਿਲਾ ਪੂਰੀ ਤਰ੍ਹਾਂ ਠੀਕ ਹੈ ਅਤੇ ਹੁਣ ਕੋਈ ਵੀ ਪੈਰਾਲਿਸਿਸ ਨਹੀਂ ਹੈ।

# ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਲੋਕਾਂ ਦੇ ਸਹਿਯੋਗ ਦੀ ਲੋੜ : ਦਲਜੀਤ ਸਿੰਘ ਲੱਕੀ ਜ਼ਿਲ੍ਹਾ ਪਲਾਨਿੰਗ ਬੋਰਡ ਮੈਂਬਰ ਗੁਰਦਾਸਪੁਰ

ਗੁਰਦਾਸਪੁਰ ( ਜਸਵਿੰਦਰ ਸਿੰਘ ) ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਤਹਿਤ ਵਿਖੇ ਜਾਗਰੂਕਤਾ ਸਭਾਵਾਂ ਦੌਰਾਨ ਵਿਲੇਜ ਡਿਫੈਂਸ ਕਮੇਟੀਆਂ ਦੇ ਨੁਮਾਇੰਦਿਆਂ ਅਤੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਦਲਜੀਤ ਸਿੰਘ ਲੱਕੀ ਜ਼ਿਲ੍ਹਾ ਪਲਾਨਿੰਗ ਬੋਰਡ ਮੈਂਬਰ ਗੁਰਦਾਸਪੁਰ ਅਤੇ ਹਲਕਾ ਸੰਗਠਨ ਇੰਚਾਰਜ ਫਤਿਹਗੜ੍ਹ ਚੂੜੀਆਂ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਨਸਾ ਮੁਕਤੀ ਯਾਤਰਾ ਦਾ ਉਦੇਸ ਸੂਬੇ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਲਪੇਟ ਤੋਂ ਬਾਹਰ ਕੱਢਣਾ ਅਤੇ ਉਨ੍ਹਾਂ ਨੂੰ ਰੌਸਨ ਭਵਿੱਖ ਵੱਲ ਲਿਜਾਣਾ ਹੈ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਸ਼ਿਆਂ ਦੇ ਖ਼ਿਲਾਫ ਜੰਗ ਨੂੰ ਪੂਰੀ ਗੰਭੀਰਤਾ ਨਾਲ ਲੜ ਰਹੀ ਹੈ ਅਤੇ ਇਸਦੇ



ਲਈ ਜਮੀਨੀ ਪੱਧਰ ਤੇ ਜਾਗਰੂਕਤਾ ਫੈਲਾਉਣਾ ਬਹੁਤ ਜਰੂਰੀ ਹੈ ਇਸ ਮੌਕੇ ਤੇ ਉਨ੍ਹਾਂ ਪਿੰਡ ਵਾਸੀਆਂ, ਖਾਸਕਰ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਮਾਜ ਨੂੰ ਵੀ ਇਸ ਬੁਰਾਈ ਤੋਂ ਮੁਕਤ ਕਰਵਾਉਣ ਵਿੱਚ ਸਰਗਰਮ ਭੂਮਿਕਾ ਨਿਭਾਉਣ ਇਸ ਦੌਰਾਨ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ ਇਸ ਮੌਕੇ ਇਲਾਕੇ ਦੇ ਵਸਨੀਕਾਂ ਨੇ ਆਪਣੇ ਪਿੰਡਾਂ ਚੋ ਕਿਹਾ ਕਿ ਕਿਸੇ ਵੀ ਨਸਾ ਤਸਕਰ ਦੀ ਜਮਾਨਤ ਨਹੀਂ ਦੇਣਗੇ ਅਤੇ ਅਜਿਹੇ ਅਨਸਰਾਂ ਦਾ ਮੁਕੰਮਲ ਬਾਈਕਾਟ ਕਰਨਗੇ

**ਪੰਜਾਬ ਨੂੰ ਨਸਾਂ ਮੁਕਤ ਕਰਨ ਲੜਾਈ ਹਰ ਪਿੰਡ-ਪਿੰਡ ਤੋਂ ਸੁਰੂ ਹੋ ਚੁੱਕੀ ਹੈ ਜਿਸ ਤਹਿਤ ਹਰੇਕ ਪਿੰਡ ਵਾਸੀ ਆਪਣੇ ਪਿੰਡ ਦਾ ਪਹਿਰੇਦਾਰ ਬਣ ਕੇ ਸਰਕਾਰ ਦਾ ਸੰਯੋਗ ਕਰਨ- ਦਲਜੀਤ ਸਿੰਘ ਲੱਕੀ**

# ਆਜਾਦੀ ਤੋਂ ਬਾਅਦ ਭਾਰਤ ਦੇ ਲਾਇਬ੍ਰੇਰੀ ਸੁਧਾਰ ਦੀ ਮਹੱਤਵਪੂਰਨ ਯਾਤਰਾ

**ਵਿਜੈ ਗਰਗ**

1947 ਵਿੱਚ ਆਜਾਦੀ ਪ੍ਰਾਪਤ ਕਰਨ ਤੋਂ ਬਾਅਦ, ਭਾਰਤ ਨੇ ਲਾਇਬ੍ਰੇਰੀ ਸੁਧਾਰਾਂ ਦੀ ਇੱਕ ਮਹੱਤਵਪੂਰਨ ਯਾਤਰਾ ਸੁਰੂ ਕੀਤੀ ਹੈ, ਬਸਤੀਵਾਦੀ ਅਤੇ ਰਿਆਸਤਾਂ ਦੀਆਂ ਲਾਇਬ੍ਰੇਰੀਆਂ ਦੇ ਖਿੰਡੇ ਹੋਏ ਸੰਗ੍ਰਹਿ ਨੂੰ ਇੱਕ ਵਧੇਰੇ ਢਾਂਚਾਗਤ, ਹਾਲਾਂਕਿ ਅਜੇ ਵੀ ਵਿਕਾਸਸੀਲ, ਰਾਸਟਰੀ ਪ੍ਰਣਾਲੀ ਵਿੱਚ ਬਦਲ ਦਿੱਤਾ ਹੈ। ਆਜਾਦੀ ਤੋਂ ਬਾਅਦ ਦੇ 78 ਸਾਲ ਮੁੱਖ ਕਾਨੂੰਨ, ਪ੍ਰਭਾਵਸਾਲੀ ਸੰਸਥਾਵਾਂ ਦੀ ਸਥਾਪਨਾ, ਅਤੇ ਇੱਕ ਲੋਕਤੰਤਰੀ ਅਤੇ ਸਾਖਰ ਸਮਾਜ ਵਿੱਚ ਲਾਇਬ੍ਰੇਰੀਆਂ ਦੀ ਭੂਮਿਕਾ ਦੀ ਵਧਦੀ ਮਾਨਤਾ ਦੁਆਰਾ ਚਿੰਨ੍ਹਿਤ ਕੀਤੇ ਗਏ ਹਨ। ਆਜਾਦੀ ਤੋਂ ਬਾਅਦ ਭਾਰਤ ਵਿੱਚ ਲਾਇਬ੍ਰੇਰੀ ਸੁਧਾਰਾਂ ਦੀ ਯਾਤਰਾ ਦਾ ਸੰਖੇਪ ਜਾਣਕਾਰੀ ਇੱਥੇ ਹੈ: ਆਜਾਦੀ ਤੋਂ ਬਾਅਦ ਦਾ ਸੁਰੂਆਤੀ ਯੁੱਗ (1947-1960 ਦਾ ਦਹਾਕਾ)

ਰਾਸਟਰੀ ਲਾਇਬ੍ਰੇਰੀ ਦੀ ਸਥਾਪਨਾ: ਆਜਾਦੀ ਤੋਂ ਬਾਅਦ ਇੱਕ ਵੱਡਾ ਅਤੇ ਤੁਰੰਤ ਕਦਮ 1948 ਵਿੱਚ ਕੋਲਕਾਤਾ ਵਿੱਚ ਇੰਪੀਰੀਅਲ ਲਾਇਬ੍ਰੇਰੀ ਦਾ ਨਾਮ ਬਦਲ ਕੇ ਰਾਸਟਰੀ ਲਾਇਬ੍ਰੇਰੀ ਆਫ ਇੰਡੀਆ ਰੱਖਣਾ ਸੀ। ਇਹ ਇੱਕ ਬਸਤੀਵਾਦੀ ਸੰਸਥਾ ਤੋਂ ਰਾਸਟਰੀ ਮਾਣ ਅਤੇ ਗਿਆਨ ਦੇ ਪ੍ਰਤੀਕ ਵਿੱਚ ਤਬਦੀਲੀ ਦਾ ਸੰਕੇਤ ਸੀ।

ਲਾਇਬ੍ਰੇਰੀ ਕਾਨੂੰਨ: ਲਾਇਬ੍ਰੇਰੀ ਸੁਧਾਰ ਦੇ ਸਭ ਤੋਂ ਮਹੱਤਵਪੂਰਨ ਪਹਿਲੂਆਂ ਵਿੱਚੋਂ ਇੱਕ ਰਾਜ-ਪੱਧਰੀ ਲਾਇਬ੍ਰੇਰੀ ਕਾਨੂੰਨ ਲਈ ਜੋਰ ਰਿਹਾ ਹੈ। ਇਹਨਾਂ ਵਿੱਚੋਂ ਪਹਿਲਾ ਕਾਨੂੰਨ, ਮਦਰਾਸ ਪਬਲਿਕ ਲਾਇਬ੍ਰੇਰੀ ਐਕਟ, 1948 ਵਿੱਚ ਪਾਸ ਕੀਤਾ ਗਿਆ ਸੀ, ਜੋ ਕਿ ਮੁੱਖ ਤੌਰ 'ਤੇ ਡਾ. ਐਸ.ਆਰ. ਰੰਗਨਾਥਨ ਦੇ ਯਤਨਾਂ ਕਾਰਨ ਸੀ, ਜਿਨ੍ਹਾਂ ਨੂੰ ਅਕਸਰ "ਭਾਰਤ ਵਿੱਚ ਲਾਇਬ੍ਰੇਰੀ ਵਿਗਿਆਨ ਦਾ ਪਿਤਾਮਾ" ਕਿਹਾ ਜਾਂਦਾ ਹੈ। ਇਸ ਐਕਟ, ਅਤੇ ਹੋਰ ਰਾਜਾਂ ਵਿੱਚ ਬਾਅਦ ਵਾਲੇ ਕਾਨੂੰਨਾਂ ਨੇ ਜਨਤਕ ਲਾਇਬ੍ਰੇਰੀ ਪ੍ਰਣਾਲੀਆਂ ਦੀ ਸਥਾਪਨਾ, ਰੱਖ-ਰਖਾਅ ਅਤੇ ਫੰਡਿੰਗ ਲਈ ਇੱਕ ਕਾਨੂੰਨੀ ਢਾਂਚਾ ਪ੍ਰਦਾਨ ਕੀਤਾ।

ਕਿਤਾਬਾਂ ਦੀ ਡਿਲਿਵਰੀ (ਜਨਤਕ ਲਾਇਬ੍ਰੇਰੀਆਂ) ਐਕਟ, 1954: ਇਸ ਇਤਿਹਾਸਕ ਕਾਨੂੰਨ ਨੇ ਭਾਰਤ ਵਿੱਚ ਪ੍ਰਕਾਸਕਾਂ ਨੂੰ ਆਪਣੀ ਪ੍ਰਕਾਸਤ ਹਰ ਕਿਤਾਬ ਦੀ ਇੱਕ ਕਾਪੀ ਕੋਲਕਾਤਾ ਵਿੱਚ ਨੈਸਨਲ ਲਾਇਬ੍ਰੇਰੀ ਆਫ ਇੰਡੀਆ, ਚੇਨਈ ਵਿੱਚ ਕੋਨੇਮਾਰਾ ਪਬਲਿਕ ਲਾਇਬ੍ਰੇਰੀ, ਬੰਬੇ ਦੀ ਏਸੀਆਟਿਕ ਸੋਸਾਇਟੀ ਅਤੇ ਦਿੱਲੀ ਪਬਲਿਕ ਲਾਇਬ੍ਰੇਰੀ ਵਿੱਚ ਜਮ੍ਹਾ ਕਰਵਾਉਣ ਦਾ ਆਦੇਸ ਦਿੱਤਾ। ਇਸ ਐਕਟ ਨੇ ਦੇਸ ਦੇ ਸਾਹਿਤਕ ਉਤਪਾਦਨ ਦੀ ਸੰਭਾਲ ਨੂੰ ਯਕੀਨੀ ਬਣਾਇਆ।

**ਦਿੱਲੀ ਪਬਲਿਕ ਲਾਇਬ੍ਰੇਰੀ (1951): ਯੂਨੈਸਕੋ ਦੀ ਮਦਦ ਨਾਲ ਸਥਾਪਿਤ, ਦਿੱਲੀ ਪਬਲਿਕ ਲਾਇਬ੍ਰੇਰੀ ਇੱਕ ਆਧੁਨਿਕ, ਮੁਫਤ ਜਨਤਕ ਲਾਇਬ੍ਰੇਰੀ ਪ੍ਰਣਾਲੀ ਲਈ ਇੱਕ ਮਾਡਲ ਸੀ। ਇਸਨੇ ਮੋਬਾਈਲ ਲਾਇਬ੍ਰੇਰੀਆਂ ਵਰਗੀਆਂ ਸੇਵਾਵਾਂ ਦੀ ਸੁਰੂਆਤ ਕੀਤੀ ਅਤੇ ਦੂਜਿਆਂ ਲਈ ਪਾਲਣਾ ਕਰਨ ਲਈ ਇੱਕ ਬਲੂਪ੍ਰਿੰਟ ਬਣ ਗਈ।

ਪੰਜ ਸਾਲਾ ਯੋਜਨਾਵਾਂ: ਭਾਰਤ ਸਰਕਾਰ ਦੀਆਂ ਪੰਜ ਸਾਲਾ ਯੋਜਨਾਵਾਂ ਨੇ ਲਾਇਬ੍ਰੇਰੀਆਂ ਦੀ ਮਹੱਤਤਾ ਨੂੰ ਮਾਨਤਾ ਦਿੱਤੀ। ਪਹਿਲੀ ਯੋਜਨਾ (1951-1956) ਦਾ ਉਦੇਸ ਇੱਕ ਰਾਸਟਰੀ ਕੇਂਦਰੀ ਲਾਇਬ੍ਰੇਰੀ ਅਤੇ ਰਾਜ ਕੇਂਦਰੀ



ਲਾਇਬ੍ਰੇਰੀਆਂ ਸਥਾਪਤ ਕਰਨਾ ਸੀ। ਦੂਜੀ ਯੋਜਨਾ (1956-1961) ਵਿੱਚ ਜਨਤਕ ਲਾਇਬ੍ਰੇਰੀ ਵਿਕਾਸ ਲਈ ਮਹੱਤਵਪੂਰਨ ਫੰਡ ਅਲਾਟ ਕੀਤੇ ਗਏ ਸਨ। ਮੱਧ ਕਾਲ (1970-1990 ਦਾ ਦਹਾਕਾ)

ਰਾਜਾ ਰਾਮਮੋਹਨ ਰਾਏ ਲਾਇਬ੍ਰੇਰੀ ਫਾਊਂਡੇਸਨ (): ਭਾਰਤੀ ਲਾਇਬ੍ਰੇਰੀ ਲਹਿਰ ਵਿੱਚ ਇੱਕ ਮਹੱਤਵਪੂਰਨ ਪਲ 1972 ਵਿੱਚ ਦੀ ਸਥਾਪਨਾ ਸੀ। ਇਹ ਫਾਊਂਡੇਸਨ, ਸੱਭਿਆਚਾਰ ਮੰਤਰਾਲੇ ਦੇ ਅਧੀਨ, ਜਨਤਕ ਲਾਇਬ੍ਰੇਰੀ ਪ੍ਰਣਾਲੀ ਨੂੰ ਸਮਰਥਨ ਅਤੇ ਉਤਸਾਹਿਤ ਕਰਨ ਲਈ ਨੋਡਲ ਏਜੰਸੀ ਬਣ ਗਈ। ਇਹ ਲਾਇਬ੍ਰੇਰੀਆਂ ਨੂੰ ਵਿੱਤੀ ਅਤੇ ਤਕਨੀਕੀ ਸਹਾਇਤਾ ਪ੍ਰਦਾਨ ਕਰਦੀ ਹੈ, ਨਵੀਆਂ ਲਾਇਬ੍ਰੇਰੀਆਂ ਦੇ ਗਠਨ ਨੂੰ ਉਤਸਾਹਿਤ ਕਰਦੀ ਹੈ, ਅਤੇ ਲਾਇਬ੍ਰੇਰੀ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਰਾਜ ਸਰਕਾਰਾਂ ਨਾਲ ਕੰਮ ਕਰਦੀ ਹੈ।

ਹੋਰ ਰਾਜ-ਪੱਧਰੀ ਕਾਨੂੰਨ: ਲਾਇਬ੍ਰੇਰੀ ਕਾਨੂੰਨ ਲਈ ਜੋਰ ਜਾਰੀ ਰਿਹਾ। ਆਂਧਰਾ ਪ੍ਰਦੇਸ (1960), ਕਰਨਾਟਕ (1965), ਮਹਾਰਾਸਟਰ (1967), ਅਤੇ ਪੱਛਮੀ ਬੰਗਾਲ (1979) ਵਰਗੇ ਰਾਜਾਂ ਨੇ ਆਪਣੇ ਲਾਇਬ੍ਰੇਰੀ ਐਕਟ ਬਣਾਏ, ਜਿਸ ਨਾਲ ਦੇਸ ਭਰ ਵਿੱਚ ਜਨਤਕ ਲਾਇਬ੍ਰੇਰੀਆਂ ਦਾ ਇੱਕ ਵਧੇਰੇ ਵਿਆਪਕ ਨੈੱਟਵਰਕ ਬਣਿਆ।

ਲਾਇਬ੍ਰੇਰੀ ਅਤੇ ਸੂਚਨਾ ਪ੍ਰਣਾਲੀ 'ਤੇ ਰਾਸਟਰੀ ਨੀਤੀ (): 1980 ਦੇ ਦਹਾਕੇ ਵਿੱਚ, ਲਾਇਬ੍ਰੇਰੀਆਂ ਲਈ ਇੱਕ ਰਾਸਟਰੀ ਨੀਤੀ ਬਣਾਉਣ ਲਈ ਇੱਕ ਕਮੇਟੀ ਸਥਾਪਤ ਕੀਤੀ ਗਈ ਸੀ। ਨਤੀਜੇ ਵਜੋਂ ਪ੍ਰਾਪਤ ਦਸਤਾਵੇਜ, ਭਾਵੇਂ ਕਿ ਕਾਨੂੰਨੀ ਤੌਰ 'ਤੇ ਬੰਧਨਕਾਰੀ ਐਕਟ ਨਹੀਂ ਸੀ, ਇੱਕ ਤਾਲਮੇਲ ਵਾਲੀ ਰਾਸਟਰੀ ਲਾਇਬ੍ਰੇਰੀ ਪ੍ਰਣਾਲੀ ਲਈ ਇੱਕ ਦ੍ਰਿਸਟੀ ਪ੍ਰਦਾਨ ਕਰਦਾ ਸੀ ਅਤੇ ਫੰਡਿੰਗ, ਮਨੁੱਖੀ ਸਰੋਤਾਂ ਅਤੇ ਤਕਨਾਲੋਜੀ ਦੀ ਵਰਤੋਂ ਵਰਗੇ ਮੁੱਦਿਆਂ ਨੂੰ ਸੰਬੋਧਿਤ ਕਰਦਾ ਸੀ। ਆਧੁਨਿਕ ਯੁੱਗ ਅਤੇ ਚੁਣੌਤੀਆਂ (2000 ਤੋਂ ਮੌਜੂਦਾ)

ਡਿਜੀਟਾਈਜੇਸਨ ਅਤੇ ਆਧੁਨਿਕੀਕਰਨ: ਇੰਟਰਨੈੱਟ ਅਤੇ ਡਿਜੀਟਲ ਤਕਨਾਲੋਜੀ ਦੇ ਆਗਮਨ ਦੇ ਨਾਲ, ਲਾਇਬ੍ਰੇਰੀ ਸੁਧਾਰਾਂ ਦਾ ਧਿਆਨ ਬਦਲ ਗਿਆ ਹੈ। ਲਾਇਬ੍ਰੇਰੀ ਸੰਗ੍ਰਹਿ ਨੂੰ ਡਿਜੀਟਾਈਜ ਕਰਨ, ਡਿਜੀਟਲ ਭੰਡਾਰ ਬਣਾਉਣ ਅਤੇ ਸਰੋਤਾਂ ਤੱਕ ਔਨਲਾਈਨ ਪਹੁੰਚ ਦੀ ਪੇਸਕਸ ਕਰਨ ਲਈ ਪਹਿਲਕਦਮੀਆਂ ਚੱਲ ਰਹੀਆਂ ਹਨ। ਇਸ ਵਿੱਚ ਇੱਕ ਮੁੱਖ ਖਿਡਾਰੀ ਰਿਹਾ ਹੈ, ਡਿਜੀਟਲ ਲਾਇਬ੍ਰੇਰੀਆਂ ਅਤੇ ਭੰਡਾਰਾਂ ਦੀ ਸਿਰਜਣਾ ਦਾ ਸਮਰਥਨ ਕਰਦਾ ਹੈ।



ਚੁਣੌਤੀਆਂ ਅਤੇ ਪਾੜੇ: ਮਹੱਤਵਪੂਰਨ ਤਰੱਕੀ ਦੇ ਬਾਵਜੂਦ, ਭਾਰਤੀ ਲਾਇਬ੍ਰੇਰੀ ਪ੍ਰਣਾਲੀ ਅਜੇ ਵੀ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ। ਇੱਕ ਵੱਡਾ ਮੁੱਦਾ ਬਹੁਤ ਸਾਰੇ ਰਾਜਾਂ ਵਿੱਚ ਲਾਇਬ੍ਰੇਰੀ ਕਾਨੂੰਨ ਦੀ ਘਾਟ ਹੈ, ਜਿਸ ਕਾਰਨ ਫੰਡਿੰਗ ਵਿੱਚ ਅਸੰਗਤਤਾ ਅਤੇ ਇੱਕ ਢਾਂਚਾਗਤ ਲਾਇਬ੍ਰੇਰੀ ਨੈੱਟਵਰਕ ਦੀ ਘਾਟ ਹੁੰਦੀ ਹੈ। ਬਹੁਤ ਸਾਰੀਆਂ ਥਾਵਾਂ 'ਤੇ, ਮੌਜੂਦਾ ਲਾਇਬ੍ਰੇਰੀਆਂ ਨਾਕਾਫੀ ਬੁਨਿਆਦੀ ਢਾਂਚੇ, ਸਿਖਲਾਈ ਪ੍ਰਾਪਤ ਸਟਾਫ ਦੀ ਘਾਟ ਅਤੇ ਪੁਰਾਣੇ ਸੰਗ੍ਰਹਿ ਤੋਂ ਪੀੜਤ ਹਨ।

ਲਾਇਬ੍ਰੇਰੀਆਂ ਦੀ ਬਦਲਦੀ ਭੂਮਿਕਾ: ਆਧੁਨਿਕ ਲਾਇਬ੍ਰੇਰੀ ਹੁਣ ਸਿਰਫ ਕਿਤਾਬਾਂ ਦਾ ਭੰਡਾਰ ਨਹੀਂ ਰਹੀ। ਇਹ ਇੱਕ ਕਮਿਊਨਿਟੀ ਹੱਬ, ਜਾਣਕਾਰੀ, ਸਿੱਖਿਆ ਅਤੇ ਸਮਾਜਿਕ ਆਪਸੀ ਤਾਲਮੇਲ ਲਈ ਇੱਕ ਕੇਂਦਰ ਵਜੋਂ ਵਿਕਸਤ ਹੋ ਰਹੀ ਹੈ। ਇਸ ਨਵੀਂ ਭੂਮਿਕਾ ਲਈ ਨਿਰੰਤਰ ਸੁਧਾਰ ਦੀ ਲੋੜ ਹੈ, ਜਿਸ ਵਿੱਚ ਇੰਟਰਨੈੱਟ ਪਹੁੰਚ, ਕਿੱਤਾਮੁਖੀ ਸਿਖਲਾਈ ਅਤੇ ਹੋਰ ਕਮਿਊਨਿਟੀ-ਅਧਾਰਤ ਸੇਵਾਵਾਂ ਪ੍ਰਦਾਨ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ। ਸਿੱਟੇ ਵਜੋਂ, ਭਾਰਤ ਵਿੱਚ ਲਾਇਬ੍ਰੇਰੀ ਸੁਧਾਰਾਂ ਦੇ 78 ਸਾਲ ਨਿਰਮਾਣ ਅਤੇ ਵਿਕਾਸ ਦੀ ਇੱਕ ਨਿਰੰਤਰ ਪ੍ਰਕਿਰਿਆ ਰਹੇ ਹਨ। ਇੱਕ ਰਾਸਟਰੀ ਪਛਾਣ ਅਤੇ ਜਨਤਕ ਲਾਇਬ੍ਰੇਰੀਆਂ ਲਈ ਇੱਕ ਕਾਨੂੰਨੀ ਢਾਂਚਾ ਸਥਾਪਤ ਕਰਨ 'ਤੇ ਸੁਰੂਆਤੀ ਧਿਆਨ ਕੇਂਦਰਿਤ ਕਰਨ ਤੋਂ, ਯਾਤਰਾ ਹੁਣ ਤਕਨਾਲੋਜੀ ਦਾ ਲਾਭ ਉਠਾਉਣ ਅਤੇ ਲਾਇਬ੍ਰੇਰੀਆਂ ਨੂੰ ਗਿਆਨ ਅਤੇ ਭਾਈਚਾਰਕ ਸਮੂਲੀਅਤ ਦੇ ਗਤੀਸੀਲ ਕੇਂਦਰਾਂ ਵਿੱਚ ਬਦਲਣ ਵੱਲ ਵਧ ਗਈ ਹੈ।

**ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ**
**ਐਜੂਕੇਸਨਲ ਕਾਲਮਨਵੀਸ ਗਰਗ ਉੱਘੇ ਸਿੱਖਿਆ ਸਾਸਤਰੀ ਗਲੀ ਕੌਰ ਚੰਦ ਐਮ.ਐਚ.ਆਰ. ਮਲੋਟ ਪੰਜਾਬ - 152107**

# ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਇਸ ਵਾਰ ਸੁੱਕਾ ਝੋਨਾ ਹੀ ਮੰਡੀਆਂ ਵਿੱਚ ਵੇਚਣ ਲਈ ਲਿਆਂਦਾ ਜਾਵੇ

ਗੁਰਦਾਸਪੁਰ ( ਜਸਵਿੰਦਰ ਸਿੰਘ ) - ਡਿਪਟੀ ਕਮਿਸਨਰ ਗੁਰਦਾਸਪੁਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਜਿ?ਲ੍ਹੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਇਸ ਵਾਰ ਝੋਨੇ ਦੀ ਕਟਾਈ ਝੋਨਾ ਪੂਰੀ ਤਰ੍ਹਾਂ ਪੱਕਣ 'ਤੇ ਹੀ ਕੀਤੀ ਜਾਵੇ ਅਤੇ ਖਰੀਫ ਸੀਜਨ ਦੌਰਾਨ ਸੁੱਕਾ ਝੋਨਾ ਹੀ ਮੰਡੀਆਂ ਵਿੱਚ ਵੇਚਣ ਲਈ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵੱਲੋਂ ਖਰੀਦ ਵੇਲੇ ਝੋਨੇ ਵਿੱਚ ਨਮੀਂ ਦੀ ਹੱਦ 17 ਫੀਸਦੀ ਨਿਰਧਾਰਿਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਕਿਸਾਨ ਦੇ ਝੋਨੇ ਦੀ ਫਸਲ ਵਿੱਚ 17 ਫੀਸਦੀ ਤੋਂ ਵੱਧ ਦੀ ਨਮੀਂ ਪਾਈ ਜਾਂਦੀ ਹੈ ਤਾਂ ਉਸ ਦੀ ਜਿਨਸ ਦੀ ਖਰੀਦ ਨਹੀਂ ਹੋ ਪਾਉਂਦੀ, ਜਿਸ ਕਾਰਨ ਕਿਸਾਨ ਨੂੰ ਮੰਡੀ ਵਿੱਚ ਪਰੇਸਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਝੋਨੇ ਦੀ ਫਸਲ ਪੂਰੀ ਤਰ੍ਹਾਂ ਪੱਕਣ 'ਤੇ ਹੀ ਵਢਾਈ ਜਾਵੇ ਤਾਂ ਉਸ ਵਿੱਚ ਨਮੀਂ ਦੀ ਮਾਤਰਾ ਸਹੀ ਹੁੰਦੀ ਹੈ। ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਇਸ ਸਾਲ ਝੋਨੇ ਦੀ ਫਸਲ ਦਾ ਮੁੱਲ 2389/- ਰੁਪਏ ਪ੍ਰਤੀ ਕੁਇੰਟਲ ਨਿਰਧਾਰਿਤ ਕੀਤਾ ਗਿਆ ਹੈ ਅਤੇ ਜੇਕਰ ਕਿਸਾਨ ਮੰਡੀਆਂ ਵਿੱਚ ਸੁੱਕਾ ਝੋਨਾ ਲੈ ਕੇ ਆਉਣਗੇ ਤਾਂ ਉਨ੍ਹਾਂ ਨੂੰ ਆਪਣੀ ਜਿਨਸ ਦਾ ਪੂਰਾ ਮੁੱਲ ਮਿਲੇਗਾ ਡਿਪਟੀ ਕਮਿਸਨਰ ਨੇ ਜਿ?ਲ੍ਹੇ ਦੇ ਮੁੱਖ ਖੇਤੀਬਾੜੀ ਅਫਸਰ ਨੂੰ ਵੀ ਹਦਾਇਤ ਕੀਤੀ ਹੈ ਕਿ ਉਹ ਪਿੰਡਾਂ ਵਿੱਚ ਵਿਸੇਸ ਕੈਂਪ ਲਗਾ ਕੇ ਕਿਸਾਨਾਂ ਨੂੰ ਮੰਡੀਆਂ ਵਿੱਚ ਝੋਨੇ ਦੀ ਸੁੱਕੀ ਫਸਲ ਲਿਆਉਣ ਲਈ ਜਾਗਰੂਕ ਕਰਨ ਇਸ ਦੇ ਨਾਲ ਹੀ ਉਨ੍ਹਾਂ ਨੇ ਕੰਬਾਈਨ ਓਪਰੇਟਰਾਂ ਨੂੰ ਵੀ ਹਦਾਇਤ ਕੀਤੀ ਹੈ ਕਿ ਝੋਨੇ ਦੇ ਸੀਜਨ ਦੌਰਾਨ ਸਵੇਰੇ 10:00 ਵਜੇ ਤੋਂ ਸਾਮ 6:00 ਵਜੇ ਤੱਕ ਹੀ ਝੋਨੇ ਦੀ ਕਟਾਈ ਕੀਤੀ ਜਾਵੇ। ਉਨ੍ਹਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਕੇਵਲ ਦਿਨ ਵੇਲੇ ਹੀ ਆਪਣੀ ਝੋਨੇ ਦੀ ਪੱਕੀ ਹੋਈ ਫਸਲ ਦੀ ਕਟਾਈ ਕਰਵਾਉਣ



**ਸਰਕਾਰ ਨੇ ਝੋਨੇ ਦੀ ਫਸਲ ਲਈ ਮਾਤਰਾ 17 ਫੀਸਦੀ ਨਿਰਧਾਰਿਤ ਕੀਤੀ**

# ਸ੍ਰੀ ਗੁਰੂ ਨਾਨਕ ਦੇਵ ਜੀ ਵਿਆਹ ਪੁਰਬ ਸਮਾਗਮ ਪੂਰੇ ਉਤਸ਼ਾਹ ਨਾਲ ਮਨਾਏ ਜਾਣਗੇ: ਸ: ਜਗਰੂਪ ਸਿੰਘ ਸੇਖਵਾਂ

ਗੁਰਦਾਸਪੁਰ ( ਜਸਵਿੰਦਰ ਸਿੰਘ )- ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦੇ ਵਿਆਹ ਪੁਰਬ ਸਮਾਗਮ ਸੰਗਤਾਂ ਦੇ ਸਹਿਯੋਗ ਨਾਲ ਪੂਰੇ ਉਤਸਾਹ ਤੇ ਜਾਹੋ ਜਲਾਲ ਨਾਲ ਮਨਾਏ ਜਾਣਗੇ ਇਹ ਪ੍ਰਗਟਾਵਾ ਕਰਦਿਆਂ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਸਮੁੱਚੇ ਬਟਾਲਾ ਸਹਿਰ ਅੰਦਰ ਵਿਆਹ ਪੁਰਬ ਦੇ ਸਮਾਗਮਾਂ ਲਈ ਸੁਚੱਜੇ ਪ੍ਰਬੰਧ ਕੀਤੇ ਜਾ ਰਹੇ ਹਨ ਅਤੇ ਸੰਗਤਾਂ ਨੂੰ ਕੋਈ ਮੁਸਕਿਲ ਨਹੀਂ ਆਉਣ ਦਿੱਤੀ ਜਾਵੇਗੀ ਸੇਖਵਾਂ ਕਿਹਾ ਕਿ 29 ਅਗਸਤ ਨੂੰ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਤੋਂ ਬਟਾਲਾ ਵਿਖੇ ਪੁਹੰਚਣ ਵਾਲੇ ਨਗਰ ਕੀਰਤਨ ਅਤੇ 30 ਅਗਸਤ ਨੂੰ ਪਾਲਕੀ ਸਾਹਿਬ ਨਗਰ ਕੀਰਤਨ ਦੇ ਰੂਟਾਂ ਸਮੇਤ ਸਮੁੱਚੇ ਸਹਿਰ ਅੰਦਰ ਵੱਖ-ਵੱਖ ਵਿਭਾਗਾਂ ਵੱਲੋਂ ਵਿਕਾਸ ਕਾਰਜ ਕੀਤੇ ਜਾ ਰਹੇ ਹਨ ਉਨਾਂ ਅੱਗੇ ਕਿਹਾ ਕਿ ਅਸੀਂ ਸਾਰੇ ਵਡਭਾਗੇ ਹਾਂ ਕਿ ਸਾਨੂੰ ਵਿਆਹ ਪੁਰਬ ਸਮਾਗਮ ਮਨਾਉਣ ਦਾ ਸੁਭਾਗ ਮਿਲਿਆ ਹੈ ਅਤੇ ਹਰ ਸਾਲ ਦੇਸ-ਵਿਦੇਸ ਤੋਂ ਲੱਖਾਂ ਦੀ ਤਦਾਦ ਵਿੱਚ ਆਉਣ ਵਾਲੀਆਂ ਸੰਗਤਾਂ ਦੀ ਸਹੂਲਤ ਲਈ ਪ੍ਰਸਾਸਨ ਵਲੋਂ ਪੁਖਤਾ ਪ੍ਰਬੰਧ ਕੀਤੇ ਜਾ ਰਹੇ ਹਨ ਅਤੇ ਸੰਗਤਾਂ ਨੂੰ ਕੋਈ ਮੁਸਕਿਲ ਪੇਸ ਨਹੀਂ ਆਉਣ ਦਿੱਤੀ ਜਾਵੇਗੀ



**ਦੇਸ਼-ਵਿਦੇਸ ਤੋਂ ਆਉਣ ਵਾਲੀ ਸੰਗਤ ਨੂੰ ਕੋਈ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ- ਐਡਵੋਕੇਟ ਜਗਰੂਪ ਸਿੰਘ ਸੇਖਵਾਂ**

# ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਲੋਕਾਂ ਦੇ ਸਹਿਯੋਗ ਦੀ ਲੋੜ : ਗੁਰਪ੍ਰੀਤ ਸਿੰਘ ਗੁਰਾਇਆ

ਗੁਰਦਾਸਪੁਰ ( ਜਸਵਿੰਦਰ ਸਿੰਘ )- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਤਹਿਤ ਵਿਖੇ ਜਾਗਰੂਕਤਾ ਸਭਾਵਾਂ ਦੌਰਾਨ ਵਿਲੇਜ ਡਿਫੈਂਸ ਕਮੇਟੀਆਂ ਦੇ ਨੁਮਾਇੰਦਿਆਂ ਅਤੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਗੁਰਪ੍ਰੀਤ ਸਿੰਘ ਗੁਰਾਇਆ ਜਿਲ੍ਹਾ ਪ੍ਰਧਾਨ ਕਿਸਾਨ ਵਿੰਗ ਗੁਰਦਾਸਪੁਰ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਨਸਾ ਮੁਕਤੀ ਯਾਤਰਾ ਦਾ ਉਦੇਸ ਸੂਬੇ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਲਪੇਟ ਤੋਂ ਬਾਹਰ ਕੱਢਣਾ ਅਤੇ ਉਨ੍ਹਾਂ ਨੂੰ ਰੌਸਨ ਭਵਿੱਖ ਵੱਲ ਲਿਜਾਣਾ ਹੈ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਸ਼ਿਆਂ ਦੇ ਖਿ?ਲਾਫ ਜੰਗ ਨੂੰ ਪੂਰੀ ਗੰਭੀਰਤਾ ਨਾਲ ਲੜ ਰਹੀ ਹੈ ਅਤੇ ਇਸਦੇ ਲਈ ਜਮੀਨੀ ਪੱਧਰ ਤੇ ਜਾਗਰੂਕਤਾ ਫੈਲਾਉਣਾ ਬਹੁਤ ਜਰੂਰੀ ਹੈ ਇਸ ਮੌਕੇ ਤੇ ਉਨ੍ਹਾਂ ਪਿੰਡ ਵਾਸੀਆਂ, ਖਾਸਕਰ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਮਾਜ ਨੂੰ ਵੀ ਇਸ ਬੁਰਾਈ ਤੋਂ ਮੁਕਤ ਕਰਵਾਉਣ ਵਿੱਚ ਸਰਗਰਮ ਭੂਮਿਕਾ ਨਿਭਾਉਣ ਇਸ ਦੌਰਾਨ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ ਇਸ ਮੌਕੇ ਇਲਾਕੇ ਦੇ ਵਸਨੀਕਾਂ ਨੇ ਆਪਣੇ ਪਿੰਡਾਂ ਚੇ ਕਿਹਾ ਕਿ ਕਿਸੇ ਵੀ ਨਸਾ ਤਸਕਰ ਦੀ ਜਮਾਨਤ ਨਹੀਂ ਦੇਣਗੇ ਅਤੇ ਅਜਿਹੇ ਅਨਸਰਾਂ ਦਾ ਮੁਕੰਮਲ ਬਾਈਕਾਟ ਕਰਨਗੇ



**ਪੰਜਾਬ ਨੂੰ ਨਸ਼ਾ ਮੁਕਤ ਕਰਨ ਲੜਾਈ ਹਰ ਪਿੰਡ-ਪਿੰਡ ਤੋਂ ਸੁਰੂ ਹੋ ਚੁੱਕੀ ਹੈ ਜਿਸ ਤਹਿਤ ਹਰੇਕ ਪਿੰਡ ਵਾਸੀ ਆਪਣੇ ਪਿੰਡ ਦਾ ਪਹਿਰੇਦਾਰ ਬਣ ਕੇ ਸਰਕਾਰ ਦਾ ਸੰਯੋਗ ਕਰਨ- ਗੁਰਪ੍ਰੀਤ ਸਿੰਘ ਗੁਰਾਇਆ**

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਸ਼ਤਾਬਦੀ ਸਮਾਗਮ ਵਿੱਚ ਗ੍ਰਿਹ ਮੰਤਰੀ ਅਮਿਤ ਸ਼ਾਹ ਕਰਨਗੇ ਸ਼ਮੂਲੀਅਤ

ਅੰਮ੍ਰਿਤਸਰ, (ਲੋਕ ਬਾਣੀ)- ਮਹਾਰਾਸਟਰ ਸਰਕਾਰ ਵੱਲੋਂ ਨਵੀਂ ਮੁੰਬਈ ਵਿੱਚ 21 ਅਤੇ 22 ਦਸੰਬਰ 2025 ਨੂੰ ਮਨਾਏ ਜਾ ਰਹੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸਹੀਦੀ ਸਤਾਬਦੀ ਸਮਾਗਮ ਵਿੱਚ ਦੇਸ ਦੇ ਗ੍ਰਿਹ ਮੰਤਰੀ ਅਮਿਤ ਸਾਹ ਜੀ ਸਮੂਲੀਅਤ ਕਰਨਗੇ। ਇਹ ਜਾਣਕਾਰੀ ਮਹਾਰਾਸਟਰ ਦੀ 11 ਮੈਂਬਰੀ ਸਿੱਖ ਤਾਲਮੇਲ ਕਮੇਟੀ ਦੇ ਆਗੂ ਸਰਦਾਰ ਜਸਪਾਲ ਸਿੰਘ ਸਿੱਧੂ ਨੇ ਦਿੱਤੀ, ਜਿਨ੍ਹਾਂ ਨੇ ਅਮਿਤ ਸਾਹ ਜੀ ਨਾਲ ਮੁਲਾਕਾਤ ਦੌਰਾਨ ਉਨ੍ਹਾਂ ਨੂੰ ਸੱਦਾ ਪੱਤਰ ਸੌਂਪਿਆ। ਜਸਪਾਲ ਸਿੰਘ ਸਿੱਧੂ ਨੇ ਦੱਸਿਆ ਕਿ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਮੁਖੀ ਦਮਦਮੀ ਟਕਸਾਲ ਅਤੇ ਪ੍ਰਧਾਨ ਸੰਤ ਸਮਾਜ ਦੀ ਅਗਵਾਈ ਹੇਠ, ਮਹਾਰਾਸਟਰ ਦੇ ਮੁੱਖ ਮੰਤਰੀ ਦਵਿੰਦਰ ਫਰਨਵੀਸ ਸਰਕਾਰ ਦੇ ਸਹਿਯੋਗ ਨਾਲ ਆਯੋਜਿਤ ਹੋਣ ਵਾਲੇ ਇਨ੍ਹਾਂ ਸਮਾਗਮਾਂ ਲਈ ਅਮਿਤ ਸਾਹ ਜੀ ਨੇ ਹਾਜਰੀ ਭਰਨ ਦੀ ਸਹਿਮਤੀ ਦਿੱਤੀ ਹੈ। ਗ੍ਰਿਹ ਮੰਤਰੀ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬੇਮਿਸਾਲ ਕੁਰਬਾਨੀ ਨੂੰ ਧਾਰਮਿਕ ਆਜਾਦੀ, ਮਨੁੱਖੀ ਮਾਣ-ਸਨਮਾਨ ਅਤੇ ਏਕਤਾ ਦਾ ਚਿਰਾਗ ਕਰਾਰ ਦਿੰਦਿਆਂ, ਕੇਂਦਰ ਸਰਕਾਰ ਵੱਲੋਂ ਸਹੀਦੀ ਸਮਾਗਮ ਨੂੰ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।





# ਕਿੱਡਜ ਕੇਅਰ ਇੰਟਰਨੈਸਨਲ ਸਕੂਲ ਚ ਮਨਾਇਆ ਗਿਆ 79 ਵਾਂ ਅਜਾਦੀ ਦਿਹਾੜਾ

ਦੀਨਾਨਗਰ (ਡਾ.ਰਮੇਸ਼ ਸਰੰਗਲ ) ਕਿੱਡਜ ਕੇਅਰ ਇੰਟਰਨੈਸਨਲ ਸਕੂਲ ਅਵਾਂਖਾ ਦੀਨਾਨਗਰ ਵਿੱਚ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ਼੍ਰੀ ਅਰਵਿੰਦ ਮਹਿਤਾ ਅਤੇ ਸਚਿਵ ਮਧੁਰ ਭਾਸ਼ਿਨੀ ਦੀ ਪ੍ਰਧਾਨਗੀ ਹੇਠ 79ਵਾ ਸੁਤੰਤਰਤਾ ਦਿਵਸ ਮਨਾਇਆ ਗਿਆ। ਪ੍ਰੋਗਰਾਮ ਦੇ ਮੁੱਖ ਮਹਿਮਾਨ ਪ੍ਰਸਿੱਧ ਸ਼੍ਰੀ ਸੁਮਨ ਖਜੂਰੀਆ ਰਿਟਾਇਰਡ ਪੀ ਈ ਐਸ ਸਨ ਉਹਨਾਂ ਨੇ ਝੰਡਾ ਲਹਿਰਾ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਅਤੇ ਸਾਰੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਸੁਤੰਤਰਤਾ ਦਿਵਸ ਦੀਆਂ ਵਧਾਈਆਂ ਦਿੱਤੀਆਂ। ਸੁਤੰਤਰਤਾ ਦਿਵਸ ਤੇ ਬੱਚਿਆਂ ਨੇ ਵਿਸ਼ੇਸ਼ ਉਤਸ਼ਾਹ ਦਿਖਾਉਂਦੇ ਹੋਏ ਦੇਸ਼ਭਗਤੀ ਦੇ ਗੀਤ, ਕਵਿਤਾਵਾਂ, ਭਾਸ਼ਣ ਅਤੇ ਵੀਰ ਜਵਾਨਾਂ ਦੇ ਬਲੀਦਾਨ ਦੀ ਗਾਥਾਵਾਂ ਸੁਣਾ ਕੇ ਸਭ ਦਾ ਮਨ ਮੋਹ ਲਿਆ। ਬੱਚਿਆਂ ਨੇ ਸਕੂਲ ਦੀ ਪਰੇਡ ਵਿੱਚ ਹਿੱਸਾ ਲਿਆ, ਜਿਸ ਵਿੱਚ ਸਕੂਲ ਦਾ ਵਿਹੜਾ ਭਾਰਤ ਮਾਤਾ ਦੀ ਜੈ ਅਤੇ ਵੰਦੇ ਮਾਤਰਮ ਦੇ ਨਾਅਰਿਆਂ ਨਾਲ ਗੂੰਜ ਉੱਠਿਆ। ਬੱਚਿਆਂ ਨੇ ਅਪਣੇ ਹੱਥਾਂ ਨਾਲ ਤਿਰੰਗੇ ਝੰਡੇ ਬਣਾਏ।

# ਬੱਚਿਆਂ ਨੂੰ ਧਾਰਮਿਕ, ਅਧਿਆਤਮਕ ਸਿੱਖਿਆ ਦੇ ਨਾਲ-ਨਾਲ ਦੁਨਿਆਵੀ ਅਤੇ ਵਿਗਿਆਨਕ ਸਿੱਖਿਆ ਦੀ ਵੀ ਲੋੜ : ਜਥੇਦਾਰ ਸਿੰਘ ਸਾਹਿਬ ਗੜਗੱਜ

## ਖ਼ਾਲਸਾ ਕਾਲਜ ਵਿਖੇ ਸੈਸ਼ਨ ਦੀ ਆਰੰਭਤਾ 'ਤੇ ਅਰਦਾਸ ਦਿਵਸ ਧਾਰਮਿਕ ਸਮਾਗਮ ਕਰਵਾਇਆ ਗਿਆ

ਅੰਮ੍ਰਿਤਸਰ, (ਲੋਕ ਬਾਣੀ)-ਇੱਕਵੀਂ ਸਦੀ 'ਚ ਸਿੱਖ ਧਰਮ ਦੇ ਪ੍ਰਚਾਰ ਅਤੇ ਪਾਸਾਰ ਲਈ ਬੱਚਿਆਂ ਨੂੰ ਧਾਰਮਿਕ, ਅਧਿਆਤਮਕ ਸਿੱਖਿਆ ਦੇ ਨਾਲ ਨਾਲ ਦੁਨਿਆਵੀ ਅਤੇ ਵਿਗਿਆਨਕ ਸਿੱਖਿਆ ਦੀ ਵੀ ਬਹੁਤ ਲੋੜ ਹੈ। ਖ਼ਾਲਸਾ ਕਾਲਜ ਦੀ ਇਮਾਰਤ, ਇੱਥੋਂ ਦਾ ਵਾਤਾਵਰਣ ਅਧਿਆਤਮਕ ਅਤੇ ਦੁਨਿਆਵੀ ਗਿਆਨ ਲਈ ਬਹੁਤ ਅਨੁਕੂਲ ਹੈ ਅਤੇ ਇਹ ਸਾਡੇ ਪੁਰਖਿਆਂ ਦੀ ਬਹੁਤ ਦੂਰ-ਅੰਦੇਸ਼ੀ ਦਾ ਫਲ ਹੈ। ਇੰਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਾਲਜ ਵਿਖੇ ਨਵੇਂ ਸੈਸ਼ਨ ਦੀ ਆਰੰਭਤਾ ਦੇ ਸਬੰਧ 'ਚ ਪ੍ਰਮਾਤਮਾ ਦਾ ਓਟ ਆਸਰਾ ਲੈਂਦਿਆਂ ਕਰਵਾਏ ਗਏ ਅਰਦਾਸ ਦਿਵਸ ਧਾਰਮਿਕ ਸਮਾਗਮ ਮੌਕੇ ਵਿਸ਼ੇਸ਼ ਤੌਰ 'ਤੇ ਵਿਦਿਆਰਥੀਆਂ ਨੂੰ ਅਸ਼ੀਰਵਾਦ ਦੇਣ ਲਈ ਪੁੱਜੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕੀਤਾ। ਉਨ੍ਹਾਂ ਕਾਲਜ ਦੀ ਇਸ ਰਵਾਇਤ ਦੀ ਪ੍ਰਸੰਸਾ ਕਰਦਿਆਂ ਵਿਦਿਆਰਥੀਆਂ ਨੂੰ ਮਨ ਲਗਾ ਕੇ ਪੜ੍ਹਾਈ ਕਰਨ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਵਿਦਿਆਰਥੀਆਂ ਨੂੰ ਸਾਦਗੀ ਵਾਲਾ ਜੀਵਨ ਅਪਨਾਉਣ ਦੀ ਵੀ ਸਿੱਖਿਆ ਦਿੱਤੀ। ਇਸ ਧਾਰਮਿਕ ਸਮਾਗਮ ਮੌਕੇ ਭਾਈ ਕੁਲਵਿੰਦਰ ਸਿੰਘ ਵੱਲੋਂ ਅਰਦਾਸ ਕੀਤੀ ਗਈ। ਇਸ ਤੋਂ ਪਹਿਲਾਂ ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਨੇ ਕਿਹਾ ਕਿ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੀ ਯੋਗ ਅਗਵਾਈ ਹੇਠ ਨਵੇਂ ਸੈਸ਼ਨ 2025-26 ਦੇ ਵਿਦਿਆਰਥੀਆਂ ਦੀ ਚੜ੍ਹਦੀ ਕਲਾ ਲਈ ਕਾਲਜ ਕੈਂਪਸ ਸਥਿਤ ਗੁਰਦੁਆਰਾ ਸਾਹਿਬ ਵਿਖੇ ਪਰਸੋਂ ਤੋਂ ਰਖਾਏ ਗਏ ਸ੍ਰੀ ਅਖੰਡ ਪਾਠ ਜੀ ਦੇ ਭੋਗ ਪਾਉਣ ਉਪਰੰਤ ਕੀਰਤਨ ਅਤੇ ਅਰਦਾਸ ਕਰਕੇ ਪ੍ਰਮਾਤਮਾ ਦਾ ਓਟ-ਆਸਰਾ ਲਿਆ ਗਿਆ। ਇਸ ਮੌਕੇ ਕਾਲਜ ਦੇ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਮਨੋਹਰ ਕੀਰਤਨ ਕੀਤਾ ਗਿਆ ਜਿਸ ਦਾ ਸਮੂਹ ਸੰਗਤ ਨੇ ਆਨੰਦ ਮਾਣਿਆ। ਉਨ੍ਹਾਂ ਕਿਹਾ ਕਿ ਕਾਲਜ ਦੀ ਇਹ ਪੁਰਾਤਨ ਸਮੇਂ ਤੋਂ ਰਵਾਇਤ ਰਹੀ ਹੈ ਕਿ ਹਰ ਨਵੇਂ ਸੈਸ਼ਨ ਦੀ ਆਰੰਭਤਾ ਮੌਕੇ ਨਵੇਂ ਦਾਖਲ ਹੋਏ ਵਿਦਿਆਰਥੀਆਂ ਨੂੰ ਜੀ ਆਇਆ ਕਹਿਣ ਲਈ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਂਦੇ ਹਨ ਅਤੇ ਵਿਦਿਆਰਥੀਆਂ ਦੇ ਚੰਗੇ ਭਵਿੱਖ ਲਈ ਅਰਦਾਸ ਕਰਕੇ ਪ੍ਰਮਾਤਮਾ ਦਾ ਓਟ-ਆਸਰਾ ਲਿਆ ਜਾਂਦਾ ਹੈ।



# ਲਿਵਾਸਾ ਹਸਪਤਾਲ ਵਿਖੇ ਮਾਈਕ੍ਰੋ ਵਾਸਕੁਲਰ ਸਰਜਰੀ ਨਾਲ ਲੱਤ ਨੂੰ ਕੱਟਣ ਤੋਂ ਬਚਾਇਆ

ਮੋਹਾਲੀ (ਲੋਕ ਬਾਣੀ)- ਲਿਵਾਸਾ ਹਸਪਤਾਲ, ਮੋਹਾਲੀ ਵਿਖੇ ਜਟਿਲ ਮਾਈਕ੍ਰੋਵਾਸਕੁਲਰ ਸਰਜਰੀ ਨਾਲ ਖੱਬੀ ਲੱਤ ਨੂੰ ਕੱਟਣ ਤੋਂ ਬਚਾਉਣ ਤੋਂ ਬਾਅਦ 45 ਸਾਲਾਂ ਮਰੀਜ ਨੂੰ ਨਵਾਂ ਜੀਵਨ ਮਿਲਿਆ। ਮਰੀਜ ਨੂੰ ਇੰਡਸਟਰੀਅਲ ਟ੍ਰੌਮਾ ਦੇ ਬਾਅਦ ਲਿਵਾਸਾ ਹਸਪਤਾਲ ਵਿਖੇ ਗੰਭੀਰ ਹਾਲਤ ਵਿੱਚ ਲਿਆਂਦਾ ਗਿਆ ਸੀ। ਆਰਥੋ ਸਰਜਨ ਡਾ. ਆਦਿਤਯ ਅਗਰਵਾਲ ਅਤੇ ਡਾ. ਸੌਰਭ ਵਸ਼ਿ?ਸਟ ਨੇ ਐ ਕ ਸ ਟ ਰ ਨ ਲ ਫਿਕਸੇਸਨ ਦੀ ਵਰਤੋਂ ਕਰਕੇ ਮਰੀਜ ਦੀ ਲੱਤ ਨੂੰ ਸਥਿਰ ਕੀਤਾ, ਜੋ ਲੱਤ ਬਚਾਉਣ ਲਈ ਇੱਕ ਮਹੱਤਵਪੂਰਨ ਕਦਮ ਹੈ। ਪਲਾਸਟਿਕ ਸਰਜਨ ਡਾ. ਨਿਖਿਲ ਮੱਕਰ ਨੇ ਜਟਿਲ ਰਿਕੰਸਟ੍ਰਕਟਿਵ ਸਰਜਰੀ ਦੇ ਨਾਲ ਮਰੀਜ ਦੀ ਲੱਤ ਨੂੰ ਕੱਟਣ ਤੋਂ ਬਚਾਇਆ। ਡਾ.ਨਿਖਿਲ ਮੱਕਰ ਨੇ ਕਿਹਾ, "ਅਸੀਂ ਹੱਡੀ ਅਤੇ ਜਖਮ ਦੇ ਕਵਰ ਲਈ ਇੱਕ ਫ੍ਰੀ ਫਲੈਪ ਪ੍ਰੋਸੀਜਰ ਕੀਤਾ, ਜਿਸ ਨਾਲ ਮਰੀਜ ਦੀ ਲੱਤ ਨੂੰ ਬਚਾਇਆ ਜਾ ਸਕਿਆ।"

ਸੌਰਭ ਵਾਸਿਸਟ ਨੇ ਕਿਹਾ, "ਉਦਯੋਗਿਕ ਘਟਨਾਵਾਂ ਦੇ ਕਾਰਨ ਅੰਗ ਕੱਟਣਾ ਆਮ ਗੱਲ ਹੈ। ਜੇ ਸਮੇਂ 'ਚ ਇਲਾਜ ਨਾ ਕੀਤਾ ਜਾਵੇ, ਤਾਂ ਵਿਅਕਤੀ ਆਜੀਵਨ ਵਿਕਲਾਂਗ ਹੋ ਜਾਂਦਾ ਹੈ।" ਹਾਲਾਂਕਿ,ਸਹੀ ਇਲਾਜ ਨਾਲ, ਸਰੀਰ ਦੇ ਕੱਟੇ ਹਿੱਸੇ ਨੂੰ ਮੁੜ ਜੋੜਿਆ ਜਾ ਸਕਦਾ ਹੈ, ਅਤੇ ਮਾਈਕ੍ਰੋ ਵੈਸਕੁਲਰ ਸਅਰਜਰੀ ਦੇ ਨਾਲ ਖੂਨ ਦਾ ਪ੍ਰਵਾਹ ਸੁਰੂ ਕਰਕੇ ਕੱਟਿਆ ਹੋਇਆ ਸਰੀਰ ਦਾ ਹਿੱਸਾ ਕੰਮ ਕਰਨ ਦੇ ਯੋਗ ਹੋ ਸਕਦਾ ਹੈ। ਡਾ. ਨਿਖਿਲ ਮੱਕਰ ਨੇ ਮਾਈਕ੍ਰੋ ਵੈਸਕੁਲਰ ਸਰਜਰੀ ਦੇ ਮਹਤਵ 'ਤੇ ਰੌਸਨੀ ਪਾਉਂਦੇ ਹੋਏ ਕਿਹਾ, "ਰੀਇੰਪਲਾਂਟੇਸਨ ਦੀ ਸਫਲਤਾ ਵੱਖ-ਵੱਖ ਕਾਰਕਾਂ 'ਤੇ ਨਿਰਭਰ ਕਰਦੀ ਹੈ। ਜਿਸ ਵਿੱਚ ਕਟਿਆ ਹੋਇਆ ਹਿੱਸਾ, ਚੋਟ ਦੀ ਪ੍ਰਕਿਰਤੀ, ਚੋਟ ਅਤੇ ਸਰਜਰੀ ਵਿਚਕਾਰ ਦਾ ਸਮਾਂ ਅਤੇ




# ਮਿਸਨ ਸਮਰੱਥ 3.0 ਤਹਿਤ ਵਧੀਆ ਕਾਰਗੁਜਾਰੀ ਦਿਖਾਉਣ ਵਾਲੇ 38 ਸਕੂਲ ਮੁਖੀਆਂ ਦਾ ਵਿਸੇਸ ਸਨਮਾਨ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਧਾਮੀ ਸਰਮਾ-ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਯੋਗ ਅਗਵਾਈ ਅਤੇ ਸਕੱਤਰ, ਸਕੂਲ ਸਿੱਖਿਆ, ਸ੍ਰੀਮਤੀ ਅਨਿੰਦਿਤਾ ਮਿੱਤਰਾ ਦੇ ਦਿਸਾ ਨਿਰਦੇਸਾਂ ਹੇਠ ਅੱਜ ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਡੀ.ਜੀ.ਐਸ.ਈ. ਕਾਨਫਰੰਸ ਹਾਲ ਫੇਜ਼-8 ਮੋਹਾਲੀ ਵਿਖੇ ਮਿਸਨ ਸਮਰੱਥ 3.0 ਤਹਿਤ ਅਕਾਦਮਿਕ ਪ੍ਰਦਰਸਨ ਦੇ ਅਧਾਰ 'ਤੇ ਵਧੀਆ ਕਾਰਗੁਜਾਰੀ ਦਿਖਾਉਣ ਵਾਲੇ 38 ਸਕੂਲ ਮੁਖੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾਇਰੈਕਟਰ ਕਿਰਨ ਸ਼ਰਮਾ ਐਸ.ਸੀ.ਈ.ਆਰ.ਟੀ ਵੱਲੋਂ ਸਕੂਲ ਮੁਖੀਆਂ ਨਾਲ ਵਿਸੇਸ ਗੱਲਬਾਤ ਕਰਦਿਆਂ ਦੱਸਿਆ ਗਿਆ ਕਿ ਸਕੂਲ ਸਿੱਖਿਆ ਵਿਭਾਗ ਤਹਿਤ ਵਿਦਿਆਰਥੀਆਂ ਦੇ ਸਿੱਖਣ ਪੱਧਰ ਨੂੰ ਬਿਹਤਰ ਬਣਾਉਣ ਲਈ ਸਕੂਲ ਮੁਖੀਆਂ, ਅਧਿਆਪਕਾਂ ਅਤੇ ਹੋਰ ਸਿੱਖਿਆ ਕਰਮੀਆਂ ਦੇ ਸਹਿਯੋਗ ਦੀ ਜਰੂਰਤ ਹੈ। ਉਨ੍ਹਾਂ ਨੇ ਦੱਸਿਆ ਕਿ ਵਰਕਸਾਪ ਵਿੱਚ ਮੌਜੂਦ ਸਕੂਲ ਮੁਖੀ ਆਪਣੇ ਵਿਦਿਆਰਥੀਆਂ ਨੂੰ ਗੁਣਾਤਮਿਕ ਅਤੇ ਮਿਆਰੀ ਸਿੱਖਿਆ ਪ੍ਰਦਾਨ ਕਰ ਰਹੇ ਹਨ, ਜਿਸ ਕਰਕੇ ਉਹਨਾਂ ਨੂੰ ਪ੍ਰਸੰਸਾ-ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਸਕੂਲ ਮੁਖੀਆਂ ਵੱਲੋਂ ਆਪਣੇ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਅਤੇ ਮਿਸਨ ਸਮਰੱਥ ਟੀਮ ਦੀ ਚੰਗੀ ਕਾਰਗੁਜਾਰੀ ਬਾਰੇ ਵਿਸਥਾਰ ਵਿੱਚ ਦੱਸਿਆ ਗਿਆ। ਟੀਮਾਂ ਵੱਲੋਂ ਸਮੇਂ ਸਮੇਂ ਤੇ ਸਕੂਲਾਂ ਵਿੱਚ ਜਾ ਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਸਹਿਯੋਗ ਦਿੱਤਾ ਜਾ ਰਿਹਾ ਹੈ,ਜਿਸ ਕਾਰਨ ਸਕੂਲੀ ਸਿੱਖਿਆ ਦਾ ਮਿਆਰ ਉੱਚਾ ਹੋ ਰਿਹਾ ਹੈ. ਡਾਇਰੈਕਟਰ ਐਸ.ਸੀ.ਈ.ਆਰ.ਟੀ ਕਿਰਨ ਸਰਮਾ ਨੇ ਸਾਰੇ ਸਕੂਲ ਮੁਖੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਭਵਿੱਖ ਵਿੱਚ ਵੱਧ ਤੋਂ ਵੱਧ ਸਕੂਲਾਂ ਨੂੰ ਪ੍ਰੇਰਿਤ ਕਰਕੇ ਟੀਚਾ ਪ੍ਰਾਪਤੀ ਨਾਲ ਜੋੜਿਆ ਜਾਵੇ ਤਾਂ ਜੋ ਜਲਦ ਹੀ ਪੰਜਾਬ ਦੀ ਸਕੂਲੀ ਸਿੱਖਿਆ ਦਾ ਪੱਧਰ ਵਿਸ਼ਵ ਪੱਧਰੀ ਬਣ ਸਕੇ।



# ਸਿਹਤ ਵਿਭਾਗ ਦੀਆਂ ਟੀਮਾਂ ਵਲੋਂ ਕਾਲੋਨੀਆਂ ਵਿਚ ਚੈਕਿੰਗ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, : ਧਾਮੀ ਸਰਮਾ -ਡੇਂਗੂ-ਵਿਰੋਧੀ ਮੁਹਿੰਮ ਤਹਿਤ ਸਿਵਲ ਸਰਜਨ ਡਾ. ਸੰਗੀਤਾ ਜੈਨ ਦੀ ਅਗਵਾਈ ਹੇਠ ਜ਼ਿਲ੍ਹਾ ਸਿਹਤ ਵਿਭਾਗ ਦੀਆਂ ਟੀਮਾਂ ਨੇ ਅੱਜ ਜ਼ਿਲ੍ਹੇ ਵਿਚ ਵੱਖ-ਵੱਖ ਥਾਈਂ ਜਾ ਕੇ ਚੈਕਿੰਗ ਕੀਤੀ। ਡਾ. ਜੈਨ ਨੇ ਦਸਿਆ ਕਿ ਸਿਹਤ ਟੀਮਾਂ ਨੇ ਵਿਸ਼ੇਸ਼ ਤੌਰ 'ਤੇ ਡੇਂਗੂ ਦੇ ਹਾਟ ਸਪਾਟ ਏਰੀਏ ਅਤੇ ਕਾਲੋਨੀਆਂ ਵਿਚ ਜਾ ਕੇ ਡੇਂਗੂ ਬੁਖ਼ਾਰ ਲਈ ਜ਼ਿੰਮੇਵਾਰ ਮੱਛਰ ਦਾ ਲਾਰਵਾ ਲੱਭਣ ਲਈ ਕੰਟੇਨਰ ਚੈੱਕ ਕੀਤੇ ਅਤੇ ਮੱਛਰ ਦੀ ਪੈਦਾਇਸ਼ ਵਾਲੀਆਂ ਹੋਰ ਸੰਭਾਵੀ ਥਾਵਾਂ ਦਾ ਨਿਰੀਖਣ ਕੀਤਾ। ਮੌਕੇ 'ਤੇ ਮੌਜੂਦ ਲੋਕਾਂ ਨੂੰ ਨੂੰ ਡੇਂਗੂ ਬੁਖ਼ਾਰ ਦੇ ਲੱਛਣਾਂ, ਕਾਰਨਾਂ, ਬਚਾਅ ਅਤੇ ਇਲਾਜ ਬਾਰੇ ਵੀ ਵਿਸਥਾਰਪੂਰਵਕ ਸਮਝਾਇਆ। ਨਿਰੀਖਣ ਟੀਮਾਂ ਵਿਚ ਖ਼ਾਸ ਤੌਰ 'ਤੇ ਜ਼ਿਲ੍ਹੇ ਦੇ ਨਰਸਿੰਗ ਕਾਲਜਾਂ ਦੇ ਵਿਦਿਆਰਥੀ ਅਤੇ ਆਸ਼ਾ ਵਰਕਰ ਸ਼ਾਮਲ ਸਨ। ਸਿਵਲ ਸਰਜਨ ਨੇ ਦਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ 'ਹਰ ਸ਼ੁੱਕਰਵਾਰ, ਡੇਂਗੂ 'ਤੇ ਵਾਰ' ਮੁਹਿੰਮ ਸਾਰੇ ਜ਼ਿਲ੍ਹੇ ਵਿਚ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ। ਅਧਿਕਾਰੀਆਂ ਸਮੇਤ ਹੋਰ ਸਟਾਫ਼ ਜਿਥੇ ਘਰ-ਘਰ ਜਾ ਕੇ ਸਰਵੇਖਣ ਕਰ ਰਹੇ ਹਨ, ਉਥੇ ਚਾਲਾਨ ਕੱਟਣ ਦੀ ਕਾਰਵਾਈ ਵੀ ਕੀਤੀ ਜਾ ਰਹੀ ਹੈ। ਸਰਵੇ ਦੌਰਾਨ ਕੰਟੇਨਰ, ਗਮਲੇ, ਕੂਲਰ, ਫ਼ਰਿੱਜ, ਬਕਸੇ ਅਤੇ ਹੋਰ ਸਮਾਨ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਡੇਂਗੂ ਤੋਂ ਬਚਣ ਦਾ ਇਕੋ-ਇਕ ਕਾਰਗਰ ਤਰੀਕਾ ਹੈ ਕਿ ਕਿਸੇ ਵੀ ਥਾਂ 'ਤੇ ਪਾਣੀ ਖੜਾ ਨਾ ਹੋਣ ਦਿਤਾ ਜਾਵੇ। ਡਾ. ਜੈਨ ਨੇ ਦਸਿਆ ਕਿ ਡੇਂਗੂ ਬੁਖ਼ਾਰ ਫੈਲਾਉਣ ਵਾਲੇ ਮੱਛਰ ਦਾ ਲਾਰਵਾ ਕੁੱਝ ਦਿਨਾਂ ਵਿਚ ਖ਼ਤਰਨਾਕ ਮੱਛਰ ਦਾ ਰੂਪ ਲੈ ਲੈਂਦਾ ਹੈ ਜਿਹੜਾ ਵਿਅਕਤੀ ਦੀ ਜਾਨ ਵੀ ਲੈ ਸਕਦਾ ਹੈ। ਉਨ੍ਹਾਂ ਕਿਹਾ ਕਿ ਡੇਂਗੂ ਬੁਖ਼ਾਰ ਹੋਣ ਦਾ ਕੋਈ ਪੱਕਾ ਮੌਸਮ ਨਹੀਂ ਪਰ ਆਮ ਤੌਰ 'ਤੇ ਇਹ ਬੁਖ਼ਾਰ ਜੁਲਾਈ ਤੋਂ ਲੈ ਕੇ ਨਵੰਬਰ ਅਖ਼ੀਰ ਤਕ ਜ਼ਿਆਦਾ ਹੁੰਦਾ ਹੈ। ਡੇਂਗੂ ਬੁਖ਼ਾਰ ਫੈਲਾਉਣ ਵਾਲਾ ਮੱਛਰ ਦਿਨ ਵੇਲੇ ਕੱਟਦਾ ਹੈ ਅਤੇ ਸਾਫ਼ ਪਾਣੀ ਵਿਚ ਪੈਦਾ ਹੁੰਦਾ ਹੈ। ਸਰਕਾਰੀ ਸਿਹਤ ਸੰਸਥਾਵਾਂ ਵਿਚ ਡੇਂਗੂ ਦੀ ਜਾਂਚ ਅਤੇ ਇਲਾਜ ਮੁਫ਼ਤ ਹੁੰਦਾ ਹੈ। ਜਾਣਕਾਰੀ ਲਈ ਸਿਹਤ ਵਿਭਾਗ ਦੀ ਹੈਲਪਲਾਈਨ ਨੰਬਰ 104 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਅਨਾਮਿਕਾ ਸਮੇਤ ਸਿਹਤ ਅਧਿਕਾਰੀ ਤੇ ਸਿਹਤ ਵਰਕਰ ਮੌਜੂਦ ਸਨ।





# 200 ਗੱਡੀਆਂ ਦੇ ਕਾਫਲੇ ਨਾਲ 200 ਫੁੱਟ ਉੱਚਾ ਲੱਗਣ ਵਾਲਾ ਤਿਰੰਗਾ ਲੈ ਕੇ ਬਾਰਡਰ ਤੇ ਪਹੁੰਚੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ

ਫਾਜ਼ਿਲਕਾ, (ਲੋਕ ਬਾਣੀ)- ਫਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਅੱਜ 200 ਗੱਡੀਆਂ ਦੇ ਕਾਫਲੇ ਨਾਲ 200 ਫੁਟ ਉੱਚਾ ਲੱਗਣ ਵਾਲਾ ਤਿਰੰਗਾ ਝੰਡਾ ਲੈ ਕੇ ਸਾਦਕੀ ਚੌਕੀ ਪਹੁੰਚੇ। ਉਹਨਾਂ ਨੇ ਪਹਿਲਾਂ ਫਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਦਫਤਰ ਤੋਂ ਇਤਿਹਾਸਿਕ ਘੰਟਾ ਘਰ ਚੌਕ ਤੱਕ ਤਿਰੰਗਾ ਯਾਤਰਾ ਕੱਢੀ, ਜਿਸ ਵਿੱਚ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਅਤੇ ਐਸਐਸਪੀ ਗੁਰਮੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਲੋਕਾਂ ਨੇ ਭਾਰੀ ਉਤਸਾਹ ਨਾਲ ਭਾਗ ਕੇ ਲਿਆ।

ਇਸ ਤੋਂ ਬਾਅਦ ਗੱਡੀਆਂ ਦੇ ਵੱਡੇ ਕਾਫਲੇ ਨਾਲ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਤਿਰੰਗੇ ਝੰਡੇ ਨੂੰ ਲੈ ਕੇ ਸਾਦਕੀ ਚੌਂਕੀ ਤੇ ਪਹੁੰਚੇ।ਤਿਰੰਗੇ ਝੰਡੇ ਨੂੰ ਫੌਜ ਦੀ ਖੁੱਲੀ ਗੱਡੀ ਵਿੱਚ ਸਤਿਕਾਰ ਨਾਲ ਸਜਾਇਆ ਗਿਆ ਸੀ, ਇਸ ਗੱਡੀ ਤੇ ਥਾਂ ਥਾਂ ਤੇ ਲੋਕਾਂ ਨੇ ਫੁੱਲਾਂ ਦੀ ਵਰਖਾ ਕੀਤੀ। ਇਸ ਮੌਕੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਕਿਹਾ ਕਿ ਬੀਐਸਐਫ ਵੱਲੋਂ ਮੰਗ ਰੱਖੀ ਗਈ ਸੀ ਕਿ ਇੱਥੇ ਉੱਚਾ ਝੰਡਾ ਲਗਾਇਆ ਜਾਵੇ, ਕਿਉਂਕਿ ਪਾਕਿਸਤਾਨ ਦਾ ਝੰਡਾ ਪਹਿਲਾਂ ਸਾਡੇ ਝੰਡੇ ਤੋਂ ਉੱਚਾ ਸੀ ਜਿਸ ਨੂੰ ਪ੍ਰਵਾਨ ਕਰਦਿਆਂ ਉਨਾਂ ਨੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਨਾਲ ਗੱਲ ਕੀਤੀ ਅਤੇ ਇੱਥੇ 200 ਫੁੱਟ ਉੱਚਾ ਭਾਰਤ ਦਾ ਕੌਮੀ ਤਿਰੰਗਾ ਝੰਡਾ ਲਹਿਰਾਉਣ ਦਾ ਫੈਸਲਾ ਕੀਤਾ। ਉਹਨਾਂ ਨੇ ਕਿਹਾ ਕਿ ਇਸ ਕੌਮੀ ਝੰਡੇ ਨੂੰ 15 ਅਗਸਤ ਵਾਲੇ ਦਿਨ ਲੋਕ ਸਮਰਪਿਤ ਵੀ ਕੀਤਾ ਜਾਵੇਗਾ। ਇਸ ਦੌਰਾਨ ਉਨਾਂ ਨੇ ਇਹ ਝੰਡਾ ਲਿਜਾ ਕੇ ਬੀਐਸਐਫ ਦੇ ਅਧਿਕਾਰੀਆਂ ਨੂੰ ਸਤਿਕਾਰ ਸਹਿਤ ਸੌਂਪਿਆ। ਬੀਐਸਐਫ ਵੱਲੋਂ ਇਸ ਝੰਡੇ ਨੂੰ ਗਾਰਡ ਆਫ ਆਨਰ ਪੇਸ਼ ਕੀਤਾ ਗਿਆ ਅਤੇ ਹੁਣ ਇਹ ਤਿਰੰਗਾ ਝੰਡਾ ਕੌਮਾਂਤਰੀ ਸਰਹੱਦ ਤੇ ਪਾਕਿਸਤਾਨ ਦੇ ਝੰਡੇ ਤੋਂ ਵੀ ਉੱਚਾ ਲਹਿਰਾਏਗਾ। ਇਸ ਮੌਕੇ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਕਿਹਾ ਕਿ ਇਹ ਤਿਰੰਗਾ ਯਾਤਰਾ ਫਾਜ਼ਲਕਾ ਲਈ ਇੱਕ ਇਤਿਹਾਸਿਕ ਪਲ ਸੀ । ਸ੍ਰੀਮਤੀ ਖੁਸ਼ਬੂ ਸਾਵਨ ਸੁੱਖਾ ਸਵਨਾ ਨੇ ਇਸ ਦੌਰਾਨ ਆਖਿਆ ਕਿ ਅੱਜ ਦੀ ਇਸ ਯਾਤਰਾ ਵਿੱਚ ਫਾਜ਼ਿਲਕਾ ਦੇ ਲੋਕਾਂ ਦੇ ਦੇਸ਼ ਭਗਤੀ ਦੀ ਭਾਵਨਾ ਵੇਖਣ ਵਾਲੀ ਸੀ। ਉਹਨਾਂ ਨੇ ਇਸ ਯਾਤਰਾ ਵਿੱਚ ਸ਼ਾਮਿਲ ਹੋਣ ਵਾਲੇ ਲੋਕਾਂ ਦਾ ਧੰਨਵਾਦ ਵੀ ਕੀਤਾ।

# ਸਿਹਤ ਵਿਭਾਗ ਵਲੋਂ ਆਮ ਆਦਮੀ ਕਲੀਨਿਕਾਂ ਦੇ ਮੈਡੀਕਲ ਅਫਸਰਾਂ ਅਤੇ ਕਲੀਨੀਕਲ ਅਸਿਸਟੈਂਟਾਂ ਲਈ ਡਾਇਗਨੌਸਟਿਕ ਸੇਵਾਵਾਂ ਸਬੰਧੀ ਰਿਫਰੈਸ਼ਰ ਸਿਖਲਾਈ ਦਾ ਆਯੋਜਨ

## ਆਮ ਆਦਮੀ ਕਲੀਨਿਕਾਂ ਵਿੱਚ ਗਰਭ ਅਵਸਥਾ ਦੇਖਭਾਲ, ਗੈਰ ਸੰਚਾਰੀ ਰੋਗਾਂ ਅਤੇ ਹਲਕਾਅ ਦਾ ਟੀਕਾਕਰਨ ਸੁਵਿਧਾਵਾਂ ਉਪਲੱਬਧ : ਡਾਕਟਰ ਰੋਹਿਤ ਗੋਇਲ ਸਹਾਇਕ ਸਿਵਲ ਸਰਜਨ



ਫਾਜ਼ਿਲਕਾ (ਲੋਕ ਬਾਣੀ)-ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਮਿਆਰੀ ਪੱਧਰ ਦੀਆਂ ਸਿਹਤ ਸਹੂਲਤਾਂ ਘਰਾਂ ਦੇ ਨੇੜੇ ਦੇਣ ਦੇ ਮਕਸਦ ਨਾਲ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ ਅੱਜ ਦਫ਼ਤਰ ਸਿਵਲ ਸਰਜਨ ਫ਼ਾਜ਼ਿਲਕਾ ਵਿਖੇ ਡਾਕਟਰ ਰਾਜ ਕੁਮਾਰ ਸਿਵਲ ਸਰਜਨ ਦੀ ਉਚੇਚੀ ਨਿਗਰਾਨੀ ਵਿੱਚ ਡਾਕਟਰ ਰੋਹਿਤ ਗੋਇਲ ਸਹਾਇਕ ਸਿਵਲ ਸਰਜਨ, ਡਾਕਟਰ ਸੁਨੀਤਾ ਕੰਬੋਜ਼ ਜ਼ਿਲ੍ਹਾ ਐਪੀਡਿਮਾਲੋਜਿਸਟ ਵੱਲੋਂ ਜ਼ਿਲ੍ਹੇ ਦੇ ਆਮ ਆਦਮੀ ਕਲੀਨਿਕਾਂ ਦੇ ਮੈਡੀਕਲ ਅਫ਼ਸਰਾਂ ਅਤੇ ਕਲੀਨੀਕਲ ਅਸਿਸਟੈਂਟਾਂ ਨੂੰ ਡਾਇਗਨੌਸਟਿਕ ਸੇਵਾਵਾਂ ਜਿਵੇਂ ਗਰਭ ਅਵਸਥਾ ਦੇਖਭਾਲ ਸੇਵਾਵਾਂ, ਪਰਿਵਾਰ ਨਿਯੋਜਨ, ਐਮ.ਏ.ਐਮ/ਐਸ.ਏ.ਐਮ ਦੇ ਪ੍ਰਬੰਧਨ, ਗੈਰ ਸੰਚਾਰੀ ਰੋਗਾਂ ਸੇਵਾਵਾਂ ਅਤੇ ਹਲਕਾਅ ਦੇ ਟੀਕਾਕਰਨ ਦੀਆਂ ਸੇਵਾਵਾਂ ਸੰਬੰਧੀ ਇੱਕ ਰਿਫਰੈਸ਼ਰ ਸਿਖਲਾਈ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਡਾਕਟਰ ਰੋਹਿਤ ਗੋਇਲ ਨੇ ਕਿਹਾ ਕਿ ਆਮ ਆਦਮੀ ਕਲੀਨਿਕਾਂ ਵਿੱਚ ਮਿਲਣ ਵਾਲੀਆਂ ਸੇਵਾਵਾਂ ਵਿਚ ਵਾਧਾ ਕਰਦੇ ਹੋਏ ਉਪਰੋਕਤ ਸੇਵਾਵਾਂ ਵੀ ਸ਼ੁਰੂ ਕੀਤੀਆਂ ਜਾ ਚੁੱਕੀਆਂ ਹਨ। ਡਾਕਟਰ ਸੁਨੀਤਾ ਕੰਬੋਜ ਨੇ ਦੱਸਿਆ ਕਿ ਕੁੱਤਿਆਂ ਜਾਂ ਹੋਰ ਜਾਨਵਰਾਂ ਦੇ ਕੱਟਣ ਉਪਰੰਤ ਹਲਕਾਅ ਤੋਂ ਬਚਾਅ ਲਈ ਜੋ ਟੀਕਾਕਰਨ ਕੀਤਾ ਜਾਂਦਾ ਹੈ। ਇਹ ਸੇਵਾਵਾਂ ਹੁਣ ਤੱਕ ਸਿਵਲ ਹਸਪਤਾਲਾਂ ਅਤੇ ਸੀ.ਐਚ.ਸੀ. ਪੱਧਰ ਤੇ ਦਿੱਤੀਆਂ ਜਾਂਦੀਆਂ ਸਨ, ਹੁਣ ਪੰਜਾਬ ਸਰਕਾਰ ਵਲੋਂ ਲੋਕਾਂ ਨੂੰ ਘਰਾਂ ਦੇ ਨੇੜੇ ਇਹ ਸੇਵਾਵਾਂ ਉਪਲੱਬਧ ਕਰਵਾਉਣ ਲਈ ਆਮ ਆਦਮੀ ਕਲੀਨਿਕਾਂ ਵਿੱਚ ਵੀ ਇਹ ਸਹੂਲਤ ਸ਼ੁਰੂ ਕੀਤੀ ਜਾ ਚੁਕੀ ਹੈ। ਉਹਨਾਂ ਨੇ ਰੈਬੀਜ਼ ਵੈਕਸੀਨੇਸ਼ਨ ਦੀ ਡੋਜ਼ੂ, ਸਹੀ ਰੂਟ ਅਤੇ ਮਰੀਜ਼ਾਂ ਦੇ ਫੋਲੋ-ਅੱਪ ਬਾਰੇ ਜਾਣਕਾਰੀ ਸਾਂਝੀ ਕੀਤੀ। ਡਾਕਟਰ ਮਨੀ ਗਰਗ ਬੱਚਿਆਂ ਦੇ ਮਾਹਿਰ ਨੇ ਜੱਚਾ ਬੱਚਾ ਸੇਵਾਵਾਂ, ਗਰਭ ਅਵਸਥਾ ਦੇਖਭਾਲ ਸੇਵਾਵਾਂ ਅਤੇ ਪਰਿਵਾਰ ਨਿਯੋਜਨ ਸੇਵਾਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਹਨਾਂ ਨੇ ਕਿਹਾ ਕਿ ਉੱਚ ਜੋਖਮ ਗਰਭਵਤੀ ਔਰਤਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ ਅਤੇ ਹਰੇਕ ਮਹੀਨੇ ਦੀ 9 ਅਤੇ 23 ਤਾਰੀਖ ਨੂੰ ਲੱਗਣ ਵਾਲੇ ਜਾਂਚ ਕੈਂਪ ਦੌਰਾਨ ਉਹਨਾਂ ਦੀ ਜਾਂਚ ਮਾਹਿਰ ਡਾਕਟਰ ਤੋਂ ਕਰਵਾਉਣੀ ਯਕੀਨੀ ਬਣਾਈ ਜਾਵੇ। ਇਸ ਦੇ ਨਾਲ ਹੀ ਉਹਨਾਂ ਨੇ ਬੱਚਿਆਂ ਵਿੱਚ ਕੁਪੋਸ਼ਣ ਅਤੇ ਅਨੀਮੀਆ ਬਾਰੇ ਵੀ ਦੱਸਿਆ। ਇਸ ਤੋਂ ਇਲਾਵਾ ਡਾਕਟਰ ਅਭਿਨਵ ਸਚਦੇਵਾ ਐਮ.ਡੀ. ਮੈਡੀਸਨ ਨੇ ਗੈਰ ਸੰਚਾਰੀ ਰੋਗਾਂ ਜਿਵੇਂ ਕਿ ਸੂਗਰ, ਬਲੱਡ ਪ੍ਰੈਸ਼ਰ ਆਦਿ ਦੇ ਇਲਾਜ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕਾਂ ਵਿਚ ਨਵੀਆਂ ਸੇਵਾਵਾਂ ਸ਼ੁਰੂ ਹੋਣ ਨਾਲ ਲੋਕਾਂ ਨੂੰ ਹੋਰ ਲਾਭ ਮਿਲੇਗਾ। ਇਸ ਮੌਕੇ ਡਿਪਟੀ ਮਾਸ ਮੀਡੀਆ ਅਫਸਰ ਮਨਬੀਰ ਸਿੰਘ, ਬੀ.ਈ.ਈ ਦਿਵੇਸ਼ ਕੁਮਾਰ, ਆਮ ਆਦਮੀ ਕਲੀਨਿਕਾਂ ਦੇ ਮੈਡੀਕਲ ਅਫਸਰ, ਕਲੀਨੀਕਲ ਅਸਿਸਟੈਂਟ, ਅਤਿੰਦਰ ਪਾਲ ਸਿੰਘ ਆਦਿ ਹਾਜ਼ਰ ਸਨ।

# ਸਕੂਲ ਆਫ ਐਮੀਨੈਂਸ ਫੀਲਖਾਨਾ ਦੇ ਵਿਦਿਆਰਥੀਆਂ ਵੱਲੋਂ, 79ਵੇਂ ਆਜਾਦੀ ਦਿਵਸ ਨੂੰ ਸਮਰਪਿਤ ਤਿਰੰਗਾ ਯਾਤਰਾ ਦਾ ਕੀਤਾ ਗਿਆ ਆਯੋਜਨ

## ਇਸ ਤਿਰੰਗਾ ਯਾਤਰਾ ਨੂੰ ਸਟੇਟ ਅਵਾਰਡੀ ਪ੍ਰਿੰਸੀਪਲ ਡਾ. ਰਜਨੀਸ਼ ਗੁਪਤਾ ਨੇ ਹਰੀ ਝੰਡੀ ਦੇ ਕੇ ਕੀਤਾ ਰਵਾਨਾ






ਖਨੌਰੀ, (ਲੋਕ ਬਾਣੀ)-ਭਾਰਤ ਦੇ ਆਜਾਦੀ ਦਿਵਸ ਨੂੰ ਯਾਦ ਕਰਦਿਆਂ ਸਕੂਲ ਆਫ ਐਮੀਨੈਂਸ ਫੀਲਖਾਨਾ ਦੇ ਐਨ.ਐਸ.ਐਸ ਯੂਨਿਟ ਵੱਲੋਂ ਇੱਕ ਤਿਰੰਗਾ ਯਾਤਰਾ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਤਿਰੰਗਾ ਯਾਤਰਾ ਨੂੰ ਹਰੀ ਝੰਡੀ ਦੇ ਕੇ ਸਟੇਟ ਅਵਾਰਡੀ ਪ੍ਰਿੰਸੀਪਲ ਡਾ. ਰਜਨੀਸ ਗੁਪਤਾ ਨੇ ਰਵਾਨਾ ਕੀਤਾ। ਉਹਨਾਂ ਨੇ ਆਪਣੇ ਸੁਨੇਹੇ ਵਿੱਚ ਕਿਹਾ ਕਿ ਅੱਜ ਹਰ ਇੱਕ ਵਿਅਕਤੀ ਨੂੰ ਆਜਾਦੀ ਦਾ ਜਜਬਾ ਦਿਲ ਦੇ ਵਿੱਚ ਸਮਾਈ ਰੱਖਣਾ ਚਾਹੀਦਾ ਹੈ ਅਤੇ ਉਹਨਾਂ ਨੇ ਕਿਹਾ ਕਿ ਵਿਸਵ ਦੀਆਂ ਵੱਡੀਆਂ ਤਾਕਤਾਂ ਭਾਰਤ ਉੱਤੇ ਵਾਧੂ ਟੈਕਸ ਲਗਾ ਰਹੀਆਂ ਹਨ ਤਾਂ ਸਾਡੇ ਦੇਸ ਵਾਸੀਆਂ ਨੂੰ ਚਾਹੀਦਾ ਹੈ ਕਿ ਅਸੀਂ ਆਪਣੀ ਸਵਦੇਸ਼ੀ ਵਸਤੂਆਂ ਦੀ ਵੱਧ ਤੋਂ ਵੱਧ ਵਰਤੋਂ ਕਰੀਏ ਤਾਂ ਜੋ ਪੂਰੇ ਵਿਸਵ ਦੇ ਵਿੱਚ ਭਾਰਤ ਦਾ ਝੰਡਾ ਉੱਚਾ ਰਹੇ। ਇਸ ਮੌਕੇ ਐਨਐਸਐਸ ਪ੍ਰੋਗਰਾਮ ਅਫਸਰ ਸ੍ਰੀ ਮਨੋਜ ਥਾਪਰ ਦੀ ਅਗਵਾਈ ਵਿੱਚ ਵਿਦਿਆਰਥੀਆਂ ਨੇ ਵੱਖਰੇ ਵੱਖਰੇ ਨਾਅਰਿਆ ਦੇ ਨਾਲ ਤਿਰੰਗਾ ਯਾਤਰਾ ਕੀਤੀ। ਇਹ ਤਿਰੰਗਾ ਯਾਤਰਾ ਸਕੂਲ ਦੇ ਨਾਲ ਲੱਗਦੇ ਟੋਭਾ ਧਿਆਨ ਸਿੰਘ, ਅਨਾਰਦਾਨਾ ਚੌਕ ਅਤੇ ਬਹੇੜਾ ਰੋਡ ਤੋਂ ਹੁੰਦੀ ਹੋਈ ਵਾਪਸ ਸਕੂਲ ਪਹੁੰਚੀ। ਇਸ ਮੌਕੇ ਮੀਡੀਆ ਕੋਆਰਡੀਨੇਟਰ ਅਕਸੈ ਕੁਮਾਰ ਖਨੌਰੀ ਨੇ ਇਸ ਯਾਤਰਾ ਦੀ ਮੀਡੀਆ ਕਵਰੇਜ ਕੀਤੀ। ਇਸ ਤਿਰੰਗਾ ਯਾਤਰਾ ਨੂੰ ਸਫਲ ਬਣਾਉਣ ਦੇ ਲਈ ਸਟਾਫ ਵੱਲੋਂ ਵਿਸੇਸ ਤੌਰ ਤੇ ਵਾਇਸ ਪ੍ਰਿੰਸੀਪਲ ਸੁਰਿੰਦਰ ਕੌਰ, ਲੈਕਚਰਾਰ ਕੰਵਰਜੀਤ ਸਿੰਘ ਧਾਲੀਵਾਲ , ਲੈਕਚਰਾਰ ਨੰਦਿਤਾ ਬਰਾੜ , ਲੈਕਚਰਾਰ ਹਰਪ੍ਰੀਤ, ਲੈਕਚਰਾਰ ਅਨੁਪਮਾ, ਮੈਡਮ ਸਿਮਰਨਪ੍ਰੀਤ ਕੌਰ, ਸਟੇਟ ਅਵਾਰਡੀ ਅਧਿਆਪਕ / ਪ੍ਰੋਗਰਾਮ ਅਫਸਰ ਪ੍ਰਗਟ ਸਿੰਘ,ਕੰਪਿਊਟਰ ਫੈਕਲਟੀ ਮੰਜੂ ਅਰੋੜਾ, ਪਰਮਜੀਤ ਕੌਰ ਤੇ ਰੁਚੀ ਗਰਗ ਨੇ ਸਮੂਲੀਅਤ ਕੀਤੀ।

**ਵਿਸਵ ਦੀਆਂ ਵੱਡੀਆਂ ਤਾਕਤਾਂ ਭਾਰਤ ਉੱਤੇ ਵਾਧੂ ਟੈਕਸ ਲਗਾ ਰਹੀਆਂ ਹਨ ਤਾਂ ਸਾਡੇ ਦੇਸ ਵਾਸੀਆਂ ਨੂੰ ਚਾਹੀਦਾ ਹੈ ਕਿ ਅਸੀਂ ਆਪਣੀ ਸਵਦੇਸ਼ੀ ਵਸਤੂਆਂ ਦੀ ਵੱਧ ਤੋਂ ਵੱਧ ਵਰਤੋਂ ਕਰੀਏ ਤਾਂ ਜੋ ਪੂਰੇ ਵਿਸਵ ਦੇ ਵਿੱਚ ਭਾਰਤ ਦਾ ਝੰਡਾ ਉੱਚਾ ਰਹੇ**

# ਦਿਮਾਗ ਦਾ ਭਵਿੱਖ - ਪ੍ਰੇਰਿਤ ਕੰਪਿਊਟਿੰਗ

**ਵਿਜੈ ਗਰਗ**

ਦਿਮਾਗ ਤੋਂ ਪ੍ਰੇਰਿਤ ਕੰਪਿਊਟਿੰਗ, ਜਿਸਨੂੰ ਨਿਊਰੋਮੋਰਫਿਕ ਕੰਪਿਊਟਿੰਗ ਵੀ ਕਿਹਾ ਜਾਂਦਾ ਹੈ, ਇੱਕ ਇਨਕਲਾਬੀ ਖੇਤਰ ਹੈ ਜੋ ਮਨੁੱਖੀ ਦਿਮਾਗ ਦੀ ਬਣਤਰ ਅਤੇ ਕਾਰਜ ਨੂੰ ਦੁਹਰਾਉਣ ਦੀ ਕੋਸ਼ਿ?ਸ ਕਰਦਾ ਹੈ ਤਾਂ ਜੋ ਵਧੇਰੇ ਕੁਸਲ ਅਤੇ ਬੁੱਧੀਮਾਨ ਕੰਪਿਊਟਿੰਗ ਪ੍ਰਣਾਲੀਆਂ ਬਣਾਈਆਂ ਜਾ ਸਕਣ। ਰਵਾਇਤੀ ਕੰਪਿਊਟਰਾਂ ਦੇ ਉਲਟ ਜੋ ਮੈਮੋਰੀ ਅਤੇ ਪ੍ਰੋਸੈਸਿੰਗ ਨੂੰ ਵੱਖ ਕਰਦੇ ਹਨ (ਵੌਨ ਨਿਊਮੈਨ ਆਰਕੀਟੈਕਚਰ), ਨਿਊਰੋਮੋਰਫਿਕ ਪ੍ਰਣਾਲੀਆਂ ਇਹਨਾਂ ਕਾਰਜਾਂ ਨੂੰ ਏਕੀਕ੍ਰਿਤ ਕਰਦੀਆਂ ਹਨ, ਦਿਮਾਗ ਦੇ ਨਿਊਰੋਨਸ ਅਤੇ ਸਿਨੈਪਸ ਵਾਂਗ। ਇਹ ਪੈਰਾਡਾਈਮ ਸ਼ਿ?ਫਟ ਤਕਨਾਲੋਜੀ ਦੇ ਭਵਿੱਖ ਲਈ ਬਹੁਤ ਵੱਡਾ ਵਾਅਦਾ ਰੱਖਦਾ ਹੈ, ਖਾਸ ਕਰਕੇ ਰਵਾਇਤੀ ਏਆਈ ਦੀਆਂ ਵਧਦੀਆਂ ਊਰਜਾ ਮੰਗਾਂ ਦੇ ਮੱਦੇਨਜਰ। ਦਿਮਾਗ ਤੋਂ ਪ੍ਰੇਰਿਤ ਕੰਪਿਊਟਿੰਗ ਦੇ ਭਵਿੱਖ ਨੂੰ ਆਕਾਰ ਦੇਣ ਵਾਲੇ ਮੁੱਖ ਪਹਿਲੂਆਂ ਦਾ ਵੇਰਵਾ ਇੱਥੇ ਦਿੱਤਾ ਗਿਆ ਹੈ: ਮੁੱਖ ਚਾਲਕ ਅਤੇ ਮੌਕੇ

ਊਰਜਾ ਕੁਸਲਤਾ: ਮਨੁੱਖੀ ਦਿਮਾਗ ਬਹੁਤ ਘੱਟ ਪਾਵਰ ਬਜਟ (ਲਗਭਗ 20 ਵਾਟਸ) 'ਤੇ ਕੰਮ ਕਰਦਾ ਹੈ। ਨਿਊਰੋਮੋਰਫਿਕ ਚਿਪਸ ਨੂੰ ਇਸ ਕੁਸਲਤਾ ਦੀ ਨਕਲ ਕਰਨ ਲਈ ਤਿਆਰ ਕੀਤਾ ਗਿਆ ਹੈ, ਜੋ ਕਿ ਆਧੁਨਿਕ ਏਆਈ ਵਿੱਚ ਊਰਜਾ ਦੀ ਖਪਤ ਦੀ ਗੰਭੀਰ ਚਿੰਤਾ ਨੂੰ ਸੰਬੋਧਿਤ ਕਰਦਾ ਹੈ। ਇਹ ਉਹਨਾਂ ਨੂੰ ਐਜ ਏਆਈ ਵਿੱਚ ਐਪਲੀਕੇਸਨਾਂ ਲਈ ਆਦਰਸ ਬਣਾਉਂਦਾ ਹੈ, ਜਿੱਥੇ ਸਮਾਰਟ ਸੈਂਸਰ ਅਤੇ ਪਹਿਨਣਯੋਗ ਵਰਗੇ ਡਿਵਾਈਸਾਂ ਨੂੰ ਇੱਕ ਨਿਰੰਤਰ ਪਾਵਰ ਸਰੋਤ ਤੋਂ ਬਿਨਾਂ ਸਥਾਨਕ ਤੌਰ 'ਤੇ ਡੇਟਾ ਦੀ ਪ੍ਰਕਿਰਿਆ ਕਰਨ ਦੀ ਲੋੜ ਹੁੰਦੀ ਹੈ।

ਰੀਅਲ-ਟਾਈਮ ਪ੍ਰੋਸੈਸਿੰਗ ਅਤੇ ਘੱਟ ਲੇਟੈਂਸੀ: ਦਿਮਾਗ ਦੀਆਂ ਸਮਾਨਾਂਤਰ ਪ੍ਰੋਸੈਸਿੰਗ ਸਮਰੱਥਾਵਾਂ ਇਸਨੂੰ ਗੁੰਝਲਦਾਰ ਜਾਣਕਾਰੀ ਨੂੰ ਤੁਰੰਤ ਸੰਭਾਲਣ ਦੀ ਆਗਿਆ ਦਿੰਦੀਆਂ ਹਨ। ਨਿਊਰੋਮੋਰਫਿਕ ਸਿਸਟਮ ਇੱਕ ਸਮਾਨ ਘੱਟ-ਲੇਟੈਂਸੀ ਪ੍ਰਦਰਸਨ ਪ੍ਰਾਪਤ ਕਰਨ ਦਾ ਉਦੇਸ ਰੱਖਦੇ ਹਨ, ਜੋ ਕਿ ਆਟੋਨੋਮਸ ਵਾਹਨਾਂ, ਰੋਬੋਟਿਕਸ ਅਤੇ ਉਦਯੋਗਿਕ ਆਟੋਮੇਸਨ ਵਰਗੇ ਐਪਲੀਕੇਸਨਾਂ ਲਈ ਮਹੱਤਵਪੂਰਨ ਹੈ ਜਿੱਥੇ ਤੇਜ, ਅਸਲ-ਸਮੇਂ ਵਿੱਚ ਫੈਸਲਾ ਲੈਣਾ ਜਰੂਰੀ ਹੈ।

ਅਨੁਕੂਲਤਾ ਅਤੇ ਸਵੈ-ਸਿਖਲਾਈ: ਦਿਮਾਗ ਦੀ ਤਜਰਬੇ ਤੋਂ ਸਿੱਖਣ ਅਤੇ ਅਨੁਕੂਲ ਹੋਣ ਦੀ ਯੋਗਤਾ ਨਿਊਰੋਮੋਰਫਿਕ ਕੰਪਿਊਟਿੰਗ ਲਈ ਇੱਕ ਮੁੱਖ ਪ੍ਰੇਰਨਾ ਹੈ। ਸਪਾਈਕਿੰਗ ਨਿਊਰਲ ਨੈੱਟਵਰਕ ( ਐਸ ਐਨ ਐਨ) ਅਤੇ ਹੋਰ ਦਿਮਾਗ-ਪ੍ਰੇਰਿਤ ਐਲਗੋਰਿਦਮ ਦੀ ਵਰਤੋਂ ਕਰਨ ਵਾਲੇ ਸਿਸਟਮ ਆਪਣੇ ਮਾਡਲਾਂ ਨੂੰ ਲਗਾਤਾਰ ਅਨੁਕੂਲ ਬਣਾ ਸਕਦੇ ਹਨ ਅਤੇ ਸਮੇਂ ਦੇ ਨਾਲ ਆਪਣੀ ਸੁੱਧਤਾ ਵਿੱਚ ਸੁਧਾਰ ਕਰ ਸਕਦੇ ਹਨ, ਭਾਵੇਂ ਅਸਪਸਟ ਜਾਂ ਮਾੜੀ ਪਰਿਭਾਸ਼ਿ?ਤ ਡੇਟਾ ਦੇ ਨਾਲ।

ਨਵੇਂ ਕੰਪਿਊਟਿੰਗ ਪੈਰਾਡਾਈਮ: ਦਿਮਾਗ ਤੋਂ ਪ੍ਰੇਰਿਤ ਕੰਪਿਊਟਿੰਗ ਨਵੇਂ ਹਾਰਡਵੇਅਰ ਅਤੇ ਸਾਫਟਵੇਅਰ ਦੇ ਵਿਕਾਸ ਨੂੰ ਉਤਸਾਹਿਤ ਕਰ ਰਹੀ ਹੈ। ਇਸ ਵਿੱਚ ਸਾਮਲ ਹਨ:

ਐਨਾਲਾਗ ਬਨਾਮ ਡਿਜੀਟਲ ਨਿਊਰੋਮੋਰਫਿਕ ਕੰਪਿਊਟਿੰਗ: ਖੋਜਕਰਤਾ ਐਨਾਲਾਗ ਪ੍ਰਣਾਲੀਆਂ ਦੀ ਪੜਚੋਲ ਕਰ ਰਹੇ ਹਨ ਜੋ ਨਿਰੰਤਰ ਸਿਗਨਲ ਪ੍ਰੋਸੈਸਿੰਗ ਦੀ ਵਰਤੋਂ ਕਰਦੇ ਹਨ ਅਤੇ ਡਿਜੀਟਲ ਪ੍ਰਣਾਲੀਆਂ ਜੋ ਰਵਾਇਤੀ ਬਾਈਨਰੀ ਸਰਕਟਾਂ ਰਾਹੀਂ ਐਸ ਐਨ ਐਨ ਨੂੰ ਲਾਗੂ ਕਰਦੇ ਹਨ।

ਮੈਮਰੀਸਟਰ: ਇਹ ਉੱਭਰ ਰਹੇ ਮੈਮੋਰੀ ਯੰਤਰ ਹਨ ਜੋ ਨਿਊਰੋਨਸ ਦੀ ਸਿਨੈਪਟਿਕ ਪਲਾਸਟਿਕਤਾ ਦੀ ਨਕਲ ਕਰ ਸਕਦੇ ਹਨ, ਜਿਸ ਨਾਲ ਇਨ-ਸੀਟੂ ਪ੍ਰੋਸੈਸਿੰਗ ਅਤੇ ਮੈਮੋਰੀ ਦੀ ਆਗਿਆ ਮਿਲਦੀ ਹੈ।

ਐਪਲੀਕੇਸਨਾਂ ਵਿਕਾਸ ਨੂੰ ਅੱਗੇ ਵਧਾ ਰਹੀਆਂ ਹਨ: ਨਿਊਰੋਮੋਰਫਿਕ ਮਾਰਕੀਟ ਵਿੱਚ ਮਹੱਤਵਪੂਰਨ ਵਾਧਾ ਦੇਖਣ ਦਾ ਅਨੁਮਾਨ ਹੈ, ਜਿਸ ਵਿੱਚ ਮੁੱਖ ਐਪਲੀਕੇਸਨਾਂ ਸਾਮਲ ਹਨ:

ਐਜ ਏਆਈ ਅਤੇ ਆਈਓਟੀ: ਸਮਾਰਟ ਸੈਂਸਰਾਂ ਅਤੇ ਪਹਿਨਣਯੋਗ ਚੀਜਾਂ ਵਰਗੇ ਡਿਵਾਈਸਾਂ ਨੂੰ ਸਥਾਨਕ ਤੌਰ 'ਤੇ ਡੇਟਾ ਦੀ ਪ੍ਰਕਿਰਿਆ ਕਰਨ ਲਈ ਸਕਤੀ ਪ੍ਰਦਾਨ ਕਰਨਾ, ਕਲਾਉਡ 'ਤੇ ਨਿਰਭਰਤਾ ਨੂੰ ਘਟਾਉਂਦਾ ਹੈ।

ਰੋਬੋਟਿਕਸ: ਆਟੋਨੋਮਸ ਰੋਬੋਟਾਂ ਲਈ ਘੱਟ-ਲੇਟੈਂਸੀ ਨੈਵੀਗੇਸਨ ਅਤੇ ਨਿਯੰਤਰਣ ਨੂੰ ਸਮਰੱਥ ਬਣਾਉਣਾ।

ਸਿਹਤ ਸੰਭਾਲ: ਮੈਡੀਕਲ ਇਮੇਜਿੰਗ, ਡਾਇਗਨੌਸਟਿਕਸ, ਅਤੇ ਵਿਅਕਤੀਗਤ ਇਲਾਜ ਯੋਜਨਾਵਾਂ ਵਿੱਚ ਸਹਾਇਤਾ ਕਰਨਾ।

ਦਿਮਾਗ ਵਿਗਿਆਨ ਖੋਜ: ਵਿਗਿਆਨੀਆਂ ਨੂੰ ਤੰਤੂ ਪ੍ਰਕਿਰਿਆਵਾਂ ਦਾ ਵਧੇਰੇ ਸਹੀ ਢੰਗ ਨਾਲ ਅਧਿਐਨ ਕਰਨ ਵਿੱਚ ਮਦਦ ਕਰਨ ਲਈ ਜਾਨਵਰਾਂ ਦੇ ਦਿਮਾਗ (ਜਿਵੇਂ ਕਿ "ਡਾਰਵਿਨ ਬਾਂਦਰ" ਪ੍ਰਣਾਲੀ) ਦੇ ਵੱਡੇ ਪੱਧਰ 'ਤੇ ਸਿਮੂਲੇਸਨ ਬਣਾਉਣਾ। ਚੁਣੌਤੀਆਂ ਅਤੇ ਭਵਿੱਖ ਦੀਆਂ ਦਿਸਾਵਾਂ ਜਦੋਂ ਕਿ ਸੰਭਾਵਨਾ ਵਿਸਾਲ ਹੈ, ਦਿਮਾਗ ਤੋਂ ਪ੍ਰੇਰਿਤ ਕੰਪਿਊਟਿੰਗ ਕਈ ਚੁਣੌਤੀਆਂ ਦਾ ਸਾਹਮਣਾ ਕਰਦੀ ਹੈ:

ਮਿਆਰਾਂ ਅਤੇ ਟੂਲਚੇਨਾਂ ਦੀ ਘਾਟ: ਇਹ ਖੇਤਰ ਅਜੇ ਵੀ ਆਪਣੇ ਸੁਰੂਆਤੀ ਪੜਾਵਾਂ ਵਿੱਚ ਹੈ, ਅਤੇ ਨਿਊਰੋਮੋਰਫਿਕ ਤਕਨਾਲੋਜੀ ਨੂੰ ਵਧੇਰੇ ਪਹੁੰਚਯੋਗ ਅਤੇ ਮੌਜੂਦਾ ਪ੍ਰਣਾਲੀਆਂ ਵਿੱਚ ਏਕੀਕ੍ਰਿਤ ਕਰਨ ਲਈ ਆਸਾਨ ਬਣਾਉਣ ਲਈ ਮਿਆਰੀ ਹਾਰਡਵੇਅਰ ਅਤੇ ਸਾਫਟਵੇਅਰ ਟੂਲਚੇਨਾਂ ਦੀ ਲੋੜ ਹੈ।

ਹ ਾ ਰ ਡ ਵ ੇ ਅ ਰ - ਸਾਫਟਵੇਅਰ ਸਹਿ-ਡਿਜਾਈਨ: ਨਿਊਰੋਮੋਰਫਿਕ ਕੰਪਿਊਟਿੰਗ ਦੇ ਫਾਇਦਿਆਂ ਨੂੰ ਪੂਰੀ ਤਰ੍ਹਾਂ ਸਮਝਣ ਲਈ, ਖੋਜਕਰਤਾਵਾਂ ਨੂੰ ਇੱਕ ਅਜਿਹਾ ਤਾਲਮੇਲ ਵਾਲਾ ਦ੍ਰਿਸਟੀਕੋਣ ਵਿਕਸਤ ਕਰਨ ਦੀ ਜਰੂਰਤ ਹੈ ਜੋ ਹਾਰਡਵੇਅਰ ਅਤੇ ਸਾਫਟਵੇਅਰ ਪਰਤਾਂ ਨੂੰ ਮਿਲ ਕੇ ਕੰਮ ਕਰਨ ਲਈ ਸਹਿ-ਡਿਜਾਈਨ ਕਰੇ, ਜਿਵੇਂ ਕਿ ਦਿਮਾਗ ਦੇ ਨਿਊਰੋਨਸ ਅਤੇ ਜਾਣਕਾਰੀ ਪ੍ਰਕਿਰਿਆ ਦੇ ਆਪਸ ਵਿੱਚ ਜੁੜੇ ਸਿਸਟਮ।

ਸਕੇਲਿੰਗ ਅਤੇ ਜਟਿਲਤਾ: ਜਦੋਂ ਕਿ ਅਰਬਾਂ ਨਿਊਰੋਨਸ ਦੇ ਨਾਲ ਨਿਊਰੋਮੋਰਫਿਕ ਸਿਸਟਮ ਬਣਾਉਣ ਵਿੱਚ ਪ੍ਰਭਾਵਸਾਲੀ ਤਰੱਕੀ ਕੀਤੀ ਗਈ ਹੈ, ਉਹ ਅਜੇ ਵੀ ਮਨੁੱਖੀ ਦਿਮਾਗ ਦੇ 100 ਟ੍ਰਿਲੀਅਨ ਸਿਨੈਪਟਿਕ ਕਨੈਕਸਨਾਂ ਤੋਂ ਬਹੁਤ ਦੂਰ ਹਨ। ਇਹਨਾਂ ਸਿਸਟਮਾਂ ਨੂੰ ਕੁਸਲਤਾ ਅਤੇ ਲਾਗਤ-ਪ੍ਰਭਾਵਸਾਲੀ ਢੰਗ ਨਾਲ ਸਕੇਲਿੰਗ ਕਰਨਾ ਇੱਕ ਮਹੱਤਵਪੂਰਨ ਚੁਣੌਤੀ ਬਣਿਆ ਹੋਇਆ ਹੈ।



ਪਦਾਰਥ ਵਿਗਿਆਨ: ਨਵੀਂ ਸਮੱਗਰੀ ਦਾ ਵਿਕਾਸ, ਜਿਵੇਂ ਕਿ ਦੋ-ਅਯਾਮੀ ਵੈਨ ਡੇਰਵਾਲ ਸਮੱਗਰੀ ਅਤੇ ਯਾਦਗਾਰੀ ਯੰਤਰ, ਅਗਲੀ ਪੀੜ੍ਹੀ ਦੇ ਊਰਜਾ-ਕੁਸਲ ਅਤੇ ਸੰਖੇਪ ਨਿਊਰੋਮੋਰਫਿਕ ਚਿਪਸ ਬਣਾਉਣ ਲਈ ਮਹੱਤਵਪੂਰਨ ਹੈ। ਸਿੱਟੇ ਵਜੋਂ, ਦਿਮਾਗ ਤੋਂ ਪ੍ਰੇਰਿਤ ਕੰਪਿਊਟਿੰਗ ਦਾ ਭਵਿੱਖ ਰਵਾਇਤੀ ਵੌਨ ਨਿਊਮਨ ਆਰਕੀਟੈਕਚਰ ਦੀਆਂ ਸੀਮਾਵਾਂ ਤੋਂ ਪਰੇ ਜਾਣ ਲਈ ਤਿਆਰ ਹੈ। ਦਿਮਾਗ ਦੀ ਸਾਨਦਾਰ ਕੁਸਲਤਾ ਅਤੇ ਅਨੁਕੂਲਤਾ ਦੇ ਸਿਧਾਂਤਾਂ ਦੀ ਵਰਤੋਂ ਕਰਕੇ, ਇਹ ਖੇਤਰ ਆਰਟੀਫੀਸੀਅਲ ਇੰਟੈਲੀਜੈਂਸ ਨੂੰ ਮੁੜ ਪਰਿਭਾਸ਼ਿ?ਤ ਕਰਨ ਅਤੇ ਰੋਬੋਟਿਕਸ ਅਤੇ ਐਜ ਕੰਪਿਊਟਿੰਗ ਤੋਂ ਲੈ ਕੇ ਦਵਾਈ ਅਤੇ ਵਿਗਿਆਨਕ ਖੋਜ ਤੱਕ ਹਰ ਚੀਜ ਵਿੱਚ ਨਵੀਨਤਾ ਦੀ ਅਗਲੀ ਲਹਿਰ ਨੂੰ ਚਲਾਉਣ ਲਈ ਤਿਆਰ ਹੈ।



**ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ ਐਜੂਕੇਸਨਲ ਕਾਲਮਨਵੀਸ ਗਰਗ ਉੱਘੇ ਸਿੱਖਿਆ ਸਾਸਤਰੀ ਗਲੀ ਕੌਰ ਚੰਦ ਐਮ.ਐਚ.ਆਰ. ਮਲੋਟ ਪੰਜਾਬ - 152107**





# ਫਾਜ਼ਿਲਕਾ ਤੋਂ ਸਾਦਕੀ ਚੌਕੀ ਤੱਕ ਸਰਹੱਦੀ ਤਿਰੰਗਾ ਯਾਤਰਾ ਆਯੋਜਿਤ

## ਕੌਮੀ ਜਜ਼ਬੇ, ਜੋਸ ਤੇ ਉਤਸਾਹ ਨਾਲ ਲੋਕਾਂ ਨੇ ਕੀਤੀ ਸ਼ਿਰਕਤ-ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ



ਫਾਜ਼ਿਲਕਾ, (ਲੋਕ ਬਾਣੀ)- ਫਾਜ਼ਿਲਕਾ ਤੋਂ ਸਾਦਕੀ ਬਾਰਡਰ ਤੱਕ ਅੱਜ ਇਕ ਯਾਦਗਾਰੀ ਸਰਹੱਦੀ ਤਿਰੰਗਾ ਯਾਤਰਾ ਕੱਢੀ ਗਈ ਜਿਸ ਵਿਚ ਫਾਜ਼ਿਲਕਾ ਦੇ ਲੋਕਾਂ ਨੇ ਦੇਸ਼ ਭਗਤੀ ਦੀ ਭਾਵਨਾ, ਕੌਮੀ ਜਜਬੇ ਤੇ ਵੱਡੇ ਉਤਸਾਹ ਨਾਲ ਭਾਗ ਲਿਆ। ਇਸ ਨੂੰ ਫਾਜ਼ਿਲਕਾ ਦੇ ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ, ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਆਈਏਐਸ ਅਤੇ ਐਸਐਸਪੀ ਗੁਰਮੀਤ ਸਿੰਘ ਨੇ ਰਵਾਨਾ ਕੀਤਾ। ਇਹ ਯਾਤਰਾ ਡਿਪਟੀ ਕਮਿਸ਼ਨਰ ਦਫ਼ਤਰ ਤੋਂ ਸ਼ੁਰੂ ਹੋਈ ਅਤੇ ਤਿਰੰਗੇ ਲਹਿਰਾਉਂਦੇ ਲੋਕਾਂ ਦਾ ਸਮੁੰਦਰ ਪੈਦਲ ਚੱਲ ਕੇ ਘੰਟਾ ਘਰ ਚੌਕ ਪਹੁੰਚਿਆ। ਇੱਥੋਂ ਫਿਰ ਸਾਦਕੀ ਚੌਕੀ ਲਈ ਇਹ ਯਾਤਰਾ ਰਵਾਨਾ ਹੋਈ।

ਇਸ ਯਾਤਰਾ ਰਾਹੀਂ ਸਾਦਕੀ ਚੌਕੀ ਵਿਖੇ ਲੱਗਣ ਜਾ ਰਹੇ 200 ਫੁੱਟ ਉੱਚੇ ਤਿਰੰਗੇ ਨੂੰ ਲਿਜਾ ਕੇ ਬੀਐਸਐਫ ਦੇ ਅਧਿਕਾਰੀਆਂ ਨੂੰ ਸੌਂਪਿਆਂ ਗਿਆ ਹੈ। ਇਸ ਯਾਤਰਾ ਦਾ ਸ਼ਹਿਰ ਦੇ ਬਜਾਰਾਂ ਅਤੇ ਬਾਰਡਰ ਰੋਡ ਦੇ ਪਿੰਡਾਂ ਵਿਚ ਥਾਂ ਥਾਂ ਤੇ ਲੋਕਾਂ ਨੇ ਫੁੱਲਾਂ ਦੀ ਵਰਖਾ ਨਾਲ ਸਵਾਗਤ ਕੀਤਾ। ਝੰਡਾ ਜਦ ਸਾਦਕੀ ਚੌਕੀ ਤੇ ਪਹੁੰਚਿਆਂ ਤਾਂ ਬੀਐਸਐਫ ਦੀ ਟੁੱਕੜੀ ਨੇ ਝੰਡੇ ਨੂੰ ਸਲਾਮੀ ਦਿੱਤੀ ਅਤੇ ਰਵਾਇਤ ਅਨੁਸਾਰ ਇਸ ਨੂੰ ਸਤਿਕਾਰ ਦਿੱਤਾ। ਪੂਜਾ ਅਰਚਨਾ ਕਰਕੇ ਇਹ ਝੰਡਾ ਬੀਐਸਐਫ ਨੂੰ ਸੌਂਪਿਆਂ ਗਿਆ।

ਇਸ ਮੌਕੇ ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਦੱਸਿਆ ਕਿ ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਾਦਕੀ ਚੌਕੀ (ਭਾਰਤ ਪਾਕਿ ਸਰਹੱਦ) ਤੇ 200 ਫੁੱਟ ਉੱਚਾ ਤਿਰੰਗਾ ਸਥਾਪਿਤ ਕੀਤਾ ਹੈ। ਪਹਿਲਾਂ ਇਸ ਚੌਕੀ ਤੇ ਪਾਕਿਸਤਾਨ ਵਾਲੇ ਪਾਸੇ ਪਾਕਿਸਤਾਨ ਦਾ ਝੰਡਾ ਭਾਰਤ ਦੇ ਝੰਡੇ ਤੋਂ ਉਚਾ ਸੀ ਪਰ ਹੁਣ ਭਾਰਤ ਵਾਲੇ ਪਾਸੇ ਪੰਜਾਬ ਸਰਕਾਰ ਨੇ 200 ਫੁੱਟ ਉਚਾ ਝੰਡਾ ਸਥਾਪਿਤ ਕੀਤਾ ਹੈ। ਇਹ ਝੰਡਾ ਹੁਣ ਪਾਕਿਸਤਾਨ ਦੇ ਝੰਡੇ ਤੋਂ ਵੱਧ ਉਚਾਈ ਤੇ ਸ਼ਾਨ ਨਾਲ ਲਹਿਰਾਉਂਦਾ ਹੋਇਆ ਦੇਸ਼ ਦੀ ਸ਼ਾਨ ਹੋਰ ਉਚੀ ਕਰੇਗਾ।

ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਨੇ ਕਿਹਾ ਕਿ ਇਹ ਨਾ ਕੇਵਲ ਫਾਜਿਲਕਾ ਸਗੋਂ ਪੂਰੇ ਮੁਲਕ ਲਈ ਗੌਰਵ ਦੇ ਪਲ ਹਨ ਜਦ ਸਾਡਾ ਕੌਮੀ ਝੰਡਾ ਸਰਹੱਦ ਤੇ ਆਸਮਾਨ ਦੀਆਂ ਉਚਾਈਆਂ ਨੂੰ ਛੂੰਹਦਾ ਹੋਇਆ ਲਹਿਰਾਏਗਾ। ਉਨ੍ਹਾਂ ਨੇ ਕਿਹਾ ਕਿ ਇਹ ਇਕ ਯਾਦਗਾਰੀ ਸਮਾਂ ਹੈ ਅਤੇ ਲੋਕਾਂ ਦਾ ਤਿਰੰਗਾ ਯਾਤਰਾ ਵਿਚ ਵੱਡਾ ਇੱਕਠ ਫਾਜ਼ਿਲਕਾ ਦੇ ਲੋਕਾਂ ਦੀ ਦੇਸ਼ ਭਗਤੀ ਦਾ ਪ੍ਰਮਾਣ ਹੈ। ਖੁਸ਼ਬੂ ਸਾਵਨ ਸੁੱਖਾ ਸਵਨਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਇਕ ਮਹੱਤਵਪੂਰਨ ਪ੍ਰੋਜੈਕਟ ਪੂਰਾ ਕਰਕੇ ਦੇਸ਼ ਦੀ ਸ਼ਾਨ ਉੱਚੀ ਕੀਤੀ ਹੈ। ਇਸ ਮੌਕੇ ਸ਼ੁੱਧ ਵਾਤਾਵਰਣ ਦਾ ਸੁਨੇਹਾ ਦਿੰਦਿਆਂ ਬੂਟੇ ਵੀ ਲਗਾਏ ਗਏ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਜਨਰਲ ਡਾ: ਮਨਦੀਪ ਕੌਰ, ਐਸਡੀਐਮ ਵੀਰਪਾਲ ਕੌਰ ਅਤੇ ਕੰਵਰਜੀਤ ਸਿੰਘ ਮਾਨ, ਐਸਪੀ ਮੁਖਤਿਆਰ ਰਾਏ, ਸ਼ਹੀਦਾਂ ਦੀ ਸਮਾਧੀ ਕਮੇਟੀ ਦੇ ਪ੍ਰਧਾਨ ਸ੍ਰੀ ਸੰਦੀਪ ਗਿਲਹੋਤਰਾ, ਸੀਨਿਅਰ ਆਪ ਆਗੂ ਸ੍ਰੀ ਉਪਕਾਰ ਸਿੰਘ ਜਾਖੜ, ਮਾਰਕਿਟ ਕਮੇਟੀ ਦੇ ਚੇਅਰਮੈਨ ਸ੍ਰੀ ਪਰਮਜੀਤ ਸਿੰਘ ਨੂਰਸ਼ਾਹ, ਖਜਾਨ ਸਿੰਘ, ਬੀਐਸਐਫ ਦੇ ਸੀਨਿਅਰ ਅਧਿਕਾਰੀ ਸ੍ਰੀ ਅਜੈ ਕੁਮਾਰ, ਸ੍ਰੀ ਰਾਮ ਤੇ ਵਿਨੋਦ ਕੁਮਾਰ ਤੋਂ ਇਲਾਵਾ ਵੱਡੀ ਗਿਣਤੀ ਵਿਚ ਪਤਵੰਤੇ, ਸਮਾਜ ਸੇਵੀ ਅਤੇ ਇਲਾਕਾ ਨਿਵਾਸੀ ਹਾਜਰ ਸਨ।

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111





# ਕਮਿਸ਼ਨਰੇਟ ਪੁਲਿਸ ਨੇ ਸਪੈਸ਼ਲ ਡੀ.ਜੀ.ਪੀ. ਸ਼ਸ਼ੀ ਪ੍ਰਭਾ ਦਿਵੇਦੀ ਦੀ ਅਗਵਾਈ 'ਚ ਰੇਲਵੇ ਸਟੇਸ਼ਨਾਂ 'ਤੇ ਚਲਾਇਆ ਵਿਸ਼ੇਸ਼ ਕਾਸੋ ਓਪਰੇਸ਼ਨ

ਜਲੰਧਰ, (ਲੋਕ ਬਾਣੀ)- ਆਜ਼ਾਦੀ ਦਿਹਾੜੇ ਦੇ ਮੱਦੇਨਜ਼ਰ ਸੁਰੱਖਿਆ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਕਮਿਸ਼ਨਰੇਟ ਪੁਲਿਸ ਜਲੰਧਰ ਵੱਲੋਂ ਸਪੈਸਲ ਡੀ.ਜੀ.ਪੀ. ਰੇਲਵੇ ਸ਼੍ਰੀਮਤੀ ਸ਼ਸ਼ੀ ਪ੍ਰਭਾ ਦਿਵੇਦੀ ਦੀ ਅਗਵਾਈ ਹੇਠ ਅਤੇ ਪੁਲਿਸ ਕਮਿਸ਼ਨਰ ਜਲੰਧਰ ਸ਼੍ਰੀਮਤੀ ਧਨਪ੍ਰੀਤ ਕੌਰ, ਜੁਆਇੰਟ ਪੁਲਿਸ ਕਮਿਸ਼ਨਰ ਸ਼੍ਰੀ ਸੰਦੀਪ ਸ਼ਰਮਾ ਅਤੇ ਹੋਰ ਸੀਨੀਅਰ ਪੁਲਿਸ ਅਧਿਕਾਰੀਆਂ ਦੀ ਨਿਗਰਾਨੀ ਵਿੱਚ ਸਿਟੀ ਰੇਲਵੇ ਸਟੇਸ਼ਨ ਅਤੇ ਕੈਂਟ ਰੇਲਵੇ ਸਟੇਸ਼ਨ 'ਤੇ ਵਿਸ਼ੇਸ਼ ਕਾਸੋ ਓਪਰੇਸ਼ਨ ਚਲਾਇਆ ਗਿਆ। ਇਹ ਕਾਰਵਾਈ ਰਾਜ-ਪੱਧਰੀ ਸੁਰੱਖਿਆ ਪ੍ਰਬੰਧ ਦਾ ਹਿੱਸਾ ਹੈ, ਤਾਂ ਜੋ ਆਜ਼ਾਦੀ ਦਿਹਾੜੇ ਮੌਕੇ ਸੁਰੱਖਿਅਤ ਅਤੇ ਸ਼ਾਂਤੀਪੂਰਣ ਵਾਤਾਵਰਣ ਬਣਾਇਆ ਜਾ ਸਕੇ। ਇਸ ਓਪਰੇਸ਼ਨ ਵਿੱਚ ਕੁੱਲ 290 ਪੁਲਿਸ ਕਰਮਚਾਰੀ ਤਾਇਨਾਤ



ਕੀਤੇ ਗਏ, ਜਿਨ੍ਹਾਂ ਨੂੰ ਐਂਟੀ-ਸੈਬੋਟਾਜ਼ ਟੀਮਾਂ, ਐਂਟੀ-ਰਾਇਟ ਪੁਲਿਸ ਅਤੇ ਰੇਲਵੇ ਪ੍ਰੋਟੈਕਸ਼ਨ ਫੋਰਸ (ਆਰ.ਪੀ.ਐਫ.) ਦਾ ਸਹਿਯੋਗ ਪ੍ਰਾਪਤ ਸੀ। ਟੀਮਾਂ ਆਧੁਨਿਕ ਤਲਾਸ਼ੀ ਉਪਕਰਣਾਂ ਨਾਲ ਲੈਸ ਸਨ, ਜਿਸ ਵਿੱਚ ਮੈਟਲ ਡਿਟੈਕਟਰ, ਹੈਂਡਹੈਲਡ ਸਕੈਨਰ ਅਤੇ ਹੋਰ ਵਿਸ਼ੇਸ਼ ਯੰਤਰ ਸ਼ਾਮਲ ਹਨ। ਸੁਰੱਖਿਆ ਜਾਂਚ ਦੌਰਾਨ ਸੀ.ਸੀ.ਟੀ.ਵੀ. ਕੈਮਰਿਆਂ ਦੀ ਜਾਂਚ, ਸ਼ੱਕੀ ਵਿਅਕਤੀਆਂ ਦੀ ਪਛਾਣ ਤੇ ਪੁੱਛਗਿੱਛ ਅਤੇ ਉਨ੍ਹਾਂ ਦੇ ਸਾਮਾਨ ਦੀ ਪੂਰੀ ਤਲਾਸ਼ੀ ਲਈ ਗਈ। ਸਪੈਸਲ ਡੀ.ਜੀ.ਪੀ. ਨੇ ਸ਼ੱਕੀ ਵਿਅਕਤੀਆਂ ਅਤੇ ਵਸਤਾਂ ਦੀ ਸਖ਼ਤ ਸਕ੍ਰੀਨਿੰਗ ਕਰਨ 'ਤੇ ਜ਼ੋਰ ਦਿੰਦਿਆਂ ਤਾਇਨਾਤ ਟੀਮਾਂ ਨੂੰ ਚੌਵੀ ਘੰਟੇ ਚੌਕਸੀ ਬਰਕਰਾਰ ਰੱਖਣ ਦੇ ਨਿਰਦੇਸ਼ ਦਿੱਤੇ। ਕਾਸੋ ਓਪਰੇਸ਼ਨ ਤੋਂ ਬਾਅਦ ਪੁਲਿਸ ਲਾਈਨਜ਼ ਜਲੰਧਰ ਵਿਖੇ ਸਪੈਸਲ ਡੀ.ਜੀ.ਪੀ. ਰੇਲਵੇ ਅਤੇ ਪੁਲਿਸ ਕਮਿਸ਼ਨਰ ਜਲੰਧਰ ਦੀ ਅਗਵਾਈ ਹੇਠ ਇੱਕ ਉੱਚ-ਪੱਧਰੀ ਸਮੀਖਿਆ ਮੀਟਿੰਗ ਕੀਤੀ, ਜਿਸ ਵਿੱਚ ਮੀਟਿੰਗ ਦੌਰਾਨ ਮੌਜੂਦਾ ਸੁਰੱਖਿਆ ਪ੍ਰਬੰਧਾਂ, ਜਨਤਕ ਥਾਵਾਂ 'ਤੇ ਰੋਕਥਾਮ ਉਪਾਵਾਂ ਦਾ ਵਿਸਥਾਰ ਨਾਲ ਜਾਇਜਾ ਲਿਆ ਗਿਆ ਅਤੇ ਕਾਨੂੰਨ-ਵਿਵਸਥਾ ਨੂੰ ਸਖ਼ਤੀ ਨਾਲ ਲਾਗੂ ਕਰਨ ਲਈ ਸਪੱਸ਼ਟ ਹਦਾਇਤਾਂ ਜਾਰੀ ਕੀਤੀਆਂ ਗਈਆਂ।

# ਰਾਜ ਘੱਟ ਗਿਣਤੀ ਕਮਿਸ਼ਨ ਦੇ ਨਵੇਂ ਚੇਅਰਮੈਨ ਡੀਓਏ, ਸੀਐਨਆਈ ਨੇ ਰਾਜ ਘੱਟ ਗਿਣਤੀ ਕਮਿਸ਼ਨ ਦੇ ਨਵੇਂ ਚੇਅਰਮੈਨ ਦਾ ਸਵਾਗਤ ਕੀਤਾ

ਅੰਮ੍ਰਿਤਸਰ, (ਲੋਕ ਬਾਣੀ): ਸ੍ਰੀ ਜਤਿੰਦਰ ਮਸੀਹ ਗੌਰਵ ਨੂੰ ਰਾਜ ਘੱਟ ਗਿਣਤੀ ਕਮਿਸਨ ਦੇ ਨਵੇਂ ਚੇਅਰਮੈਨ ਵਜੋਂ ਨਿਯੁਕਤ ਕਰਨ ਲਈ ਪੰਜਾਬ ਸਰਕਾਰ ਦਾ ਧੰਨਵਾਦ ਕਰਦੇ ਹੋਏ, ਡਾਇਓਸਿਸ ਆਫ ਅੰਮ੍ਰਿਤਸਰ, ਚਰਚ ਆਫ ਨੌਰਥ ਇੰਡੀਆ ਦੇ ਅਧਿਕਾਰੀਆਂ ਨੇ ਸ੍ਰੀ ਗੌਰਵ ਦਾ ਗੋਲਡਨ ਗੇਟ, ਅੰਮ੍ਰਿਤਸਰ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ। ਇਹ ਮੌਕਾ ਉਨ੍ਹਾਂ ਦੀ ਨਿਯੁਕਤੀ ਨੂੰ ਮਨਾਉਣ ਲਈ ਆਯੋਜਿਤ ਇੱਕ ਰੋਡ ਸੋਅ ਦਾ ਸੀ। ਜਲੰਧਰ ਤੋਂ ਸੁਰੂ ਹੋ ਕੇ ਇਹ ਰੈਲੀ ਸੇਂਟ ਪਾਲ ਚਰਚ, ਕੋਰਟ ਰੋਡ, ਅੰਮ੍ਰਿਤਸਰ ਵਿਖੇ ਸਮਾਪਤ ਹੋਈ, ਜਿੱਥੇ ਇਸ ਮੌਕੇ ਤੇ ਇੱਕ ਸਮਾਗਮ ਆਯੋਜਤ ਕੀਤਾ ਗਿਆ ਸੀ।

ਸ੍ਰੀ ਓਮ ਪ੍ਰਕਾਸ, ਵਿੱਤ ਸਕੱਤਰ, ਡਾਇਓਸਿਸ ਆਫ ਅੰਮ੍ਰਿਤਸਰ, ਚਰਚ ਆਫ ਨੌਰਥ ਇੰਡੀਆ, ਨੇ ਡਾਇਓਸਿਸ ਵੱਲੋਂ ਸ੍ਰੀ ਗੌਰਵ ਦਾ ਸਵਾਗਤ ਕੀਤਾ। "ਅਸੀਂ ਪੰਜਾਬ ਸਰਕਾਰ ਦੇ ਬਹੁਤ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਸ੍ਰੀ ਜਤਿੰਦਰ ਮਸੀਹ ਗੌਰਵ ਵਰਗੇ ਸਿਆਣੇ ਵਿਅਕਤੀ ਨੂੰ ਰਾਜ ਘੱਟ ਗਿਣਤੀ



ਕਮਿਸਨ ਦਾ ਚਾਰਜ ਸੌਂਪਿਆ ਹੈ। ਅਸੀਂ ਉਨ੍ਹਾਂ ਨੂੰ ਸੰਪਰਦਾਇਕ ਮਤਭੇਦਾਂ ਤੋਂ ਉੱਪਰ ਉੱਠਣ, ਹਰ ਤਰ੍ਹਾਂ ਦੇ ਵਿਤਕਰੇ ਨੂੰ ਖਤਮ ਕਰਨ, ਅਤੇ ਈਸਾਈਆਂ ਸਮੇਤ ਸਾਰੀਆਂ ਘੱਟ ਗਿਣਤੀਆਂ ਦੀ ਭਲਾਈ ਲਈ ਕੰਮ ਕਰਨ ਦੀ ਅਪੀਲ ਕਰਦੇ ਹਾਂ। ਸਾਨੂੰ ਉਮੀਦ ਹੈ ਕਿ ਉਹ ਉਹਨਾਂ ਨੂੰ ਪ੍ਰਭਾਵਿਤ ਕਰਨ ਵਾਲੇ ਸਾਂਝੇ ਮੁੱਦਿਆਂ ਦੀ ਪਛਾਣ ਕਰਨਗੇ ਅਤੇ ਹੱਲ ਕਰਨਗੇ, ਵੱਖ-ਵੱਖ ਧਰਮਾਂ ਦੇ ਲੋਕਾਂ ਵਿੱਚ ਗਲਤਫਹਿਮੀਆਂ ਦੂਰ ਕਰਨਗੇ ਅਤੇ ਸਾਂਤੀਪੂਰਨ ਸਹਿ-ਹੋਂਦ ਨੂੰ ਯਕੀਨੀ ਬਣਾਉਣਗੇ," ਸ੍ਰੀ ਡੈਨੀਅਲ ਬੀ ਦਾਸ, ਸਕੱਤਰ, ਅੰਮ੍ਰਿਤਸਰ ਡਾਇਓਸੇਸਨ ਟਰੱਸਟ ਐਸੋਸੀਏਸਨ (ਏਡੀਟੀਏ) ਨੇ ਕਿਹਾ। ਨਵੇਂ ਰਾਜ ਘੱਟ ਗਿਣਤੀ ਕਮਿਸਨ ਦੇ ਚੇਅਰਮੈਨ ਸ੍ਰੀ ਜਤਿੰਦਰ ਮਸੀਹ ਗੌਰਵ ਨੇ ਕਿਹਾ, "ਮੈਂ ਪੰਜਾਬ ਦੇ ਸਾਰੇ ਘੱਟ ਗਿਣਤੀ ਭਾਈਚਾਰਿਆਂ ਦੀ ਭਲਾਈ ਅਤੇ ਸਸਕਤੀਕਰਨ ਲਈ ਕੰਮ ਕਰਨ ਅਤੇ ਸਾਰੇ ਧਰਮਾਂ ਵਿੱਚ ਆਪਸੀ ਸਤਿਕਾਰ, ਸਮਝ ਅਤੇ ਸਾਂਤੀਪੂਰਨ ਸਹਿ-ਹੋਂਦ ਦੇ ਮਾਹੌਲ ਨੂੰ ਉਤਸਾਹਿਤ ਕਰਨ ਲਈ ਵਚਨਬੱਧ ਹਾਂ।" ਡਾਇਓਸਿਸ ਆਫ ਅੰਮ੍ਰਿਤਸਰ, ਚਰਚ ਆਫ ਨੌਰਥ ਇੰਡੀਆ ਦੇ ਪ੍ਰਸਾਸਕ, ਰੈਵ ਅਯੂਬ ਡੈਨੀਅਲ ਜਿਨ੍ਹਾਂ ਨੇ ਘੱਟ ਗਿਣਤੀ ਕਮਿਸਨ ਦੇ ਨਵੇਂ ਨਿਯੁਕਤ ਚੇਅਰਮੈਨ ਨੂੰ ਆਸੀਰਵਾਦ ਦਿੱਤਾ, ਦੀ ਅਗਵਾਈ ਵਿੱਚ ਡਾਇਓਸੀਸ ਦੇ ਪਾਦਰੀਆਂ, ਜਿਨ੍ਹਾਂ ਵਿੱਚ ਰੈਵ ਰਜਨੀ ਬਾਲਾ, ਰੈਵ ਸਟੀਫਨ ਮਸੀਹ ਅਤੇ ਰੈਵ ਜੀਵਨ ਮਸੀਹ ਸਾਮਲ ਸਨ, ਨੇ ਉਨ੍ਹਾਂ ਦੇ ਭਵਿੱਖ ਦੇ ਯਤਨਾਂ ਦੀ ਸਫਲਤਾ ਲਈ ਪ੍ਰਾਰਥਨਾ ਕੀਤੀ। ਸੇਂਟ ਪੌਲ ਚਰਚ, ਅੰਮ੍ਰਿਤਸਰ, ਦੇ ਪ੍ਰੈਸਬੀਟਰ-ਇੰਚਾਰਜ, ਰੈਵ ਵਿਨੈ ਸੰਨੀ ਨੇ ਧੰਨਵਾਦ ਦਾ ਮਤਾ ਪੇਸ ਕੀਤਾ। ਇਸ ਮੌਕੇ ਡਾਇਓਸਿਸ ਦੇ ਸਾਰੇ ਪਾਦਰੀ, ਗਲੋਬਲ ਕ੍ਰਿਸਚਨ ਐਕਸਨ ਕਮੇਟੀ ਦੇ ਕੋਆਰਡੀਨੇਟਰ ਵਲੈਤ ਮਸੀਹ ਬੰਟੀ ਅਜਨਾਲਾ, ਪੰਜਾਬ ਪ੍ਰਧਾਨ ਲੂਕਾਸ ਮਸੀਹ, ਪ੍ਰਧਾਨ ਜੱਸ ਮਸੀਹ ਸੁਭ, ਪ੍ਰਧਾਨ ਜੀਵਨ ਮਸੀਹ, ਪ੍ਰਧਾਨ ਗੁਰਨਾਮ ਮਸੀਹ, ਪ੍ਰਧਾਨ ਜੀਵਨ ਮਸੀਹ, ਪ੍ਰਧਾਨ ਮੁਨੀਰ ਮਸੀਹ, ਪ੍ਰਧਾਨ ਰੋਹਿਤ ਮਸੀਹ ਵੀ ਮੌਜੂਦ ਸਨ।

# ਆਜ਼ਾਦੀ ਤੋਂ ਬਾਅਦ ਖੇਤੀਬਾੜੀ ਵਿੱਚ ਭਾਰਤ ਦੀ ਸ਼ਾਨਦਾਰ ਯਾਤਰਾ

**ਵਿਜੈ ਗਰਗ**

ਆਜਾਦੀ ਤੋਂ ਬਾਅਦ ਖੇਤੀਬਾੜੀ ਵਿੱਚ ਭਾਰਤ ਦੀ ਯਾਤਰਾ ਇੱਕ ਸਾਨਦਾਰ ਅਤੇ ਪਰਿਵਰਤਨਸੀਲ ਰਹੀ ਹੈ, ਜਿਸ ਵਿੱਚ ਸੁਧਾਰਾਂ ਅਤੇ ਨੀਤੀਆਂ ਦੀ ਇੱਕ ਲੜੀ ਸਾਮਲ ਹੈ ਜਿਨ੍ਹਾਂ ਨੇ ਦੇਸ ਦੀ ਖੁਰਾਕ ਸੁਰੱਖਿਆ ਅਤੇ ਆਰਥਿਕ ਦ੍ਰਿਸ ਨੂੰ ਮੁੜ ਆਕਾਰ ਦਿੱਤਾ ਹੈ। ਭੋਜਨ ਦੀ ਕਮੀ ਨਾਲ ਜੂਝ ਰਹੇ ਦੇਸ ਤੋਂ ਇੱਕ ਪ੍ਰਮੁੱਖ ਵਿਸਵ ਉਤਪਾਦਕ ਅਤੇ ਨਿਰਯਾਤਕ ਬਣਨ ਤੱਕ, ਭਾਰਤ ਦੇ ਖੇਤੀਬਾੜੀ ਸੁਧਾਰ ਇਸਦੀ ਵਿਕਾਸ ਕਹਾਣੀ ਦਾ ਇੱਕ ਅਧਾਰ ਰਹੇ ਹਨ। ਫਾਊਂਡੇਸਨ ਈਅਰ (1947-1960): ਜਮੀਨੀ ਸੁਧਾਰ ਅਤੇ ਸੁਰੂ ਤੋਂ ਇਮਾਰਤ ਆਜਾਦੀ ਦੇ ਸਮੇਂ, ਭਾਰਤ ਦੇ ਖੇਤੀਬਾੜੀ ਖੇਤਰ ਵਿੱਚ ਘੱਟ ਉਤਪਾਦਕਤਾ, ਇੱਕ ਸੋਸਣਕਾਰੀ ਭੂਮੀ ਮਾਲਕੀ ਪ੍ਰਣਾਲੀ, ਅਤੇ ਮੌਨਸੂਨ ਬਾਰਿਸਾਂ 'ਤੇ ਭਾਰੀ ਨਿਰਭਰਤਾ ਸੀ। ਸਰਕਾਰ ਦਾ ਸੁਰੂਆਤੀ ਧਿਆਨ ਇਨ੍ਹਾਂ ਬੁਨਿਆਦੀ ਮੁੱਦਿਆਂ ਨੂੰ ਹੱਲ ਕਰਨ 'ਤੇ ਸੀ।

ਵਿਚੋਲਿਆਂ ਦਾ ਖਾਤਮਾ: ਪਹਿਲਾ ਵੱਡਾ ਕਦਮ ਜਿ?ਮੀਂਦਾਰੀ ਪ੍ਰਣਾਲੀ ਨੂੰ ਖਤਮ ਕਰਨਾ ਸੀ, ਜਿਸ ਨੇ ਗੈਰ-ਖੇਤੀਬਾੜੀ ਕਰਨ ਵਾਲੇ ਜਿ?ਮੀਂਦਾਰਾਂ ਦਾ ਇੱਕ ਵਰਗ ਪੈਦਾ ਕੀਤਾ ਸੀ। ਇਸ ਸੁਧਾਰ ਦਾ ਉਦੇਸ ਵਾਹੁਣ ਵਾਲਿਆਂ ਨੂੰ ਜਮੀਨ ਦੇ ਮਾਲਕ ਬਣਾਉਣਾ ਸੀ, ਜਿਸ ਨਾਲ ਉਨ੍ਹਾਂ ਨੂੰ ਆਪਣੇ ਖੇਤਾਂ ਵਿੱਚ ਨਿਵੇਸ ਕਰਨ ਅਤੇ ਸੁਧਾਰ ਕਰਨ ਲਈ ਉਤਸਾਹਿਤ ਕੀਤਾ ਜਾ ਸਕੇ।

ਜਮੀਨ ਦੀ ਹੱਦਬੰਦੀ ਅਤੇ ਮੁੜ ਵੰਡ: ਇੱਕ ਵਿਅਕਤੀ ਕੋਲ ਜਮੀਨ ਦੇ ਆਕਾਰ ਦੀ ਵੱਧ ਤੋਂ ਵੱਧ ਸੀਮਾ ਨਿਰਧਾਰਤ ਕਰਨ ਲਈ ਕਾਨੂੰਨ ਬਣਾਏ ਗਏ ਸਨ। ਫਿਰ ਵਾਧੂ ਜਮੀਨ ਨੂੰ ਬੇਜਮੀਨੇ ਕਿਸਾਨਾਂ ਨੂੰ ਮੁੜ ਵੰਡ ਦਿੱਤਾ ਗਿਆ। ਜਦੋਂ ਕਿ ਇਹਨਾਂ ਸੁਧਾਰਾਂ ਨੂੰ ਲਾਗੂ ਕਰਨਾ ਰਾਜਾਂ ਵਿੱਚ ਵੱਖੋ-ਵੱਖਰਾ ਸੀ, ਉਹਨਾਂ ਨੇ ਇੱਕ ਹੋਰ ਬਰਾਬਰੀ ਵਾਲੇ ਖੇਤੀਬਾੜੀ ਢਾਂਚੇ ਲਈ ਨੀਂਹ ਰੱਖੀ।

ਸੁਰੂਆਤੀ ਯੋਜਨਾਬੰਦੀ: ਪਹਿਲੀ ਪੰਜ ਸਾਲਾ ਯੋਜਨਾ (1951-1956) ਵਿੱਚ ਖੇਤੀਬਾੜੀ ਨੂੰ ਉੱਚ ਤਰਜੀਹ ਦਿੱਤੀ ਗਈ ਸੀ, ਜਿਸ ਵਿੱਚ ਭਾਖੜਾ ਡੈਮ ਵਰਗੇ ਸਿੰਚਾਈ ਪ੍ਰੋਜੈਕਟਾਂ ਵਿੱਚ ਮਹੱਤਵਪੂਰਨ ਜਨਤਕ ਨਿਵੇਸ ਅਤੇ ਖੇਤੀਬਾੜੀ ਖੋਜ ਅਤੇ ਵਿਕਾਸ ਲਈ ਸੰਸਥਾਵਾਂ ਦੀ ਸਥਾਪਨਾ ਕੀਤੀ ਗਈ ਸੀ। ਹਰੀ ਕ੍ਰਾਂਤੀ (1960-1970): ਸਵੈ-ਨਿਰਭਰਤਾ ਵੱਲ ਇੱਕ ਛਾਲ 1960 ਦਾ ਦਹਾਕਾ ਗੰਭੀਰ ਭੋਜਨ ਦੀ ਕਮੀ ਦਾ ਦੌਰ ਸੀ, ਜਿਸਦੇ ਨਤੀਜੇ ਵਜੋਂ "ਮੂੰਹ-ਮੂੰਹ ਜਹਾਜਾਂ ਰਾਹੀਂ" ਭਾਰਤ ਦੀ ਹੋਂਦ ਬਣੀ ਜਿੱਥੇ ਭਾਰਤ ਭੋਜਨ ਸਹਾਇਤਾ 'ਤੇ ਬਹੁਤ ਜਿ?ਆਦਾ ਨਿਰਭਰ ਸੀ। ਇਸ ਸੰਕਟ ਨੇ ਨੀਤੀ ਵਿੱਚ ਇੱਕ ਬੁਨਿਆਦੀ ਤਬਦੀਲੀ ਨੂੰ ਪ੍ਰੇਰਿਤ ਕੀਤਾ, ਜਿਸਦਾ ਸਿੱਟਾ ਹਰੀ ਕ੍ਰਾਂਤੀ ਦੀ ਸੁਰੂਆਤ ਵਿੱਚ ਨਿਕਲਿਆ।

ਉੱਚ-ਉਪਜ ਵਾਲੀਆਂ ਕਿਸਮਾਂ : ਹਰੀ ਕ੍ਰਾਂਤੀ ਕਣਕ ਅਤੇ ਚੌਲਾਂ ਦੇ ਬੀਜਾਂ ਦੀਆਂ ਨਵੀਆਂ, ਉੱਚ-ਉਪਜ ਵਾਲੀਆਂ ਕਿਸਮਾਂ ਦੀ ਸੁਰੂਆਤ ਦੁਆਰਾ ਚਲਾਈ ਗਈ ਸੀ। ਇਹਨਾਂ ਨੂੰ ਇੱਕ "ਪੈਕੇਜ ਪਹੁੰਚ" ਨਾਲ ਜੋੜਿਆ ਗਿਆ ਸੀ ਜਿਸ ਵਿੱਚ ਆਧੁਨਿਕ ਖੇਤੀ ਤਕਨੀਕਾਂ, ਰਸਾਇਣਕ ਖਾਦਾਂ ਅਤੇ ਕੀਟਨਾਸਕ ਸਾਮਲ ਸਨ।

ਸਿੰਚਾਈ ਅਤੇ ਮਸੀਨੀਕਰਨ: ਸਰਕਾਰ ਨੇ ਉਤਪਾਦਕਤਾ ਵਧਾਉਣ ਲਈ ਆਧੁਨਿਕ ਸਿੰਚਾਈ ਸਹੂਲਤਾਂ, ਜਿਵੇਂ ਕਿ ਟਿਊਬਵੈੱਲ, ਅਤੇ ਮਸੀਨੀ ਖੇਤੀ ਉਪਕਰਣਾਂ ਦੀ ਵਰਤੋਂ ਨੂੰ ਉਤਸਾਹਿਤ ਕੀਤਾ।

ਸੰਸਥਾਗਤ ਸਹਾਇਤਾ: ਕਿਸਾਨਾਂ ਲਈ ਲਾਹੇਵੰਦ ਕੀਮਤਾਂ ਨੂੰ ਯਕੀਨੀ ਬਣਾਉਣ, ਬਫਰ ਸਟਾਕ ਬਣਾਈ ਰੱਖਣ ਅਤੇ ਜਨਤਕ ਵੰਡ ਪ੍ਰਣਾਲੀ ਦਾ ਪ੍ਰਬੰਧਨ ਕਰਨ ਲਈ ਭਾਰਤੀ ਖੁਰਾਕ ਨਿਗਮ ( ਅਤੇ ਖੇਤੀਬਾੜੀ ਮੁੱਲ ਕਮਿਸਨ) ਵਰਗੇ ਮੁੱਖ ਅਦਾਰੇ ਸਥਾਪਿਤ ਕੀਤੇ ਗਏ ਸਨ। ਹਰੀ ਕ੍ਰਾਂਤੀ ਇੱਕ ਸਾਨਦਾਰ ਸਫਲਤਾ ਸੀ, ਖਾਸ ਕਰਕੇ ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ ਵਰਗੇ ਰਾਜਾਂ ਵਿੱਚ। ਇਸਨੇ ਭਾਰਤ ਨੂੰ ਅਨਾਜ ਦੀ ਘਾਟ ਵਾਲੇ ਦੇਸ ਤੋਂ ਇੱਕ ਅਨਾਜ-ਵਾਧੂ ਦੇਸ ਵਿੱਚ ਬਦਲ ਦਿੱਤਾ, ਅਨਾਜ ਵਿੱਚ ਸਵੈ-ਨਿਰਭਰਤਾ ਪ੍ਰਾਪਤ ਕੀਤੀ। ਹਾਲਾਂਕਿ, ਇਸਨੇ ਕੁਝ ਖੇਤਰੀ ਅਸਮਾਨਤਾਵਾਂ ਅਤੇ ਪਾਣੀ ਦੀ ਕਮੀ ਅਤੇ ਮਿੱਟੀ ਦੀ ਸਿਹਤ ਨਾਲ ਸਬੰਧਤ ਵਾਤਾਵਰਣ ਸੰਬੰਧੀ ਚਿੰਤਾਵਾਂ ਨੂੰ ਵੀ ਜਨਮ ਦਿੱਤਾ। ਹਰੀ ਕ੍ਰਾਂਤੀ ਤੋਂ ਬਾਅਦ ਦਾ ਯੁੱਗ (1980-2000): ਵਿਭਿੰਨਤਾ ਅਤੇ ਉਦਾਰੀਕਰਨ ਹਰੀ ਕ੍ਰਾਂਤੀ ਦੀ ਸਫਲਤਾ ਤੋਂ ਬਾਅਦ, ਧਿਆਨ ਇਹਨਾਂ ਲਾਭਾਂ ਨੂੰ ਹੋਰ ਫਸਲਾਂ ਅਤੇ ਖੇਤਰਾਂ ਵਿੱਚ ਫੈਲਾਉਣ ਦੇ ਨਾਲ-ਨਾਲ ਅਰਥਵਿਵਸਥਾ ਨੂੰ ਉਦਾਰ ਬਣਾਉਣ ਵੱਲ ਤਬਦੀਲ ਹੋ ਗਿਆ।

ਅਨਾਜ ਤੋਂ ਪਰੇ "ਇਨਕਲਾਬ": ਇਸ ਸਮੇਂ ਦੌਰਾਨ ਹੋਰ ਨਿਸਾਨਾਬੱਧ ਪ੍ਰੋਗਰਾਮਾਂ ਦੀ ਸੁਰੂਆਤ ਹੋਈ, ਜਿਵੇਂ ਕਿ ਆਪ੍ਰੇਸਨ ਫਲੱਡ (ਡੇਅਰੀ, ਚਿੱਟੀ ਕ੍ਰਾਂਤੀ), ਪੀਲੀ ਕ੍ਰਾਂਤੀ (ਤੇਲ ਬੀਜ), ਅਤੇ ਨੀਲੀ ਕ੍ਰਾਂਤੀ (ਮੱਛੀ ਪਾਲਣ), ਜਿਸਨੇ ਭਾਰਤ ਦੇ ਖੇਤੀਬਾੜੀ ਉਤਪਾਦਨ ਨੂੰ ਵਿਭਿੰਨ ਬਣਾਉਣ ਵਿੱਚ ਮਦਦ ਕੀਤੀ।

ਬਾਜਾਰ ਸੁਧਾਰ: 1991 ਵਿੱਚ ਭਾਰਤੀ ਅਰਥਵਿਵਸਥਾ ਦੇ ਉਦਾਰੀਕਰਨ ਨਾਲ ਖੇਤੀਬਾੜੀ ਨੀਤੀਆਂ ਵਿੱਚ ਮਹੱਤਵਪੂਰਨ ਬਦਲਾਅ ਆਏ। ਨਿਰਯਾਤ ਰੁਕਾਵਟਾਂ ਨੂੰ ਦੂਰ ਕੀਤਾ ਗਿਆ, ਅਤੇ ਕਿਸਾਨਾਂ ਨੂੰ ਵਿਸਵ ਬਾਜਾਰ ਲਈ ਨਕਦੀ ਫਸਲਾਂ ਉਗਾਉਣ ਲਈ ਉਤਸਾਹਿਤ ਕੀਤਾ ਗਿਆ। ਇਸਨੇ ਨਵੇਂ ਮੌਕੇ ਖੋਲ੍ਹੇ ਪਰ ਕਿਸਾਨਾਂ ਨੂੰ ਵਿਸਵਵਿਆਪੀ ਕੀਮਤਾਂ ਵਿੱਚ ਉਤਰਾਅ-ਚੜ੍ਹਾਅ ਦਾ ਸਾਹਮਣਾ ਵੀ ਕਰਨਾ ਪਿਆ।

ਤਕਨਾਲੋਜੀ ਦਾ ਉਭਾਰ: ਬਾਇਓਟੈਕਨਾਲੋਜੀ ਨੂੰ ਉਤਸਾਹਿਤ ਕਰਨ ਅਤੇ ਬਿਹਤਰ ਗੁਣਵੱਤਾ ਵਾਲੇ ਬੀਜਾਂ ਅਤੇ ਖੇਤੀ ਲਾਗਤਾਂ ਦੀ ਵਰਤੋਂ ਦੇ ਨਾਲ ਤਕਨਾਲੋਜੀ 'ਤੇ ਜੋਰ ਜਾਰੀ ਰਿਹਾ। ਹਾਲੀਆ ਸੁਧਾਰ (2010 ਤੋਂ ਹੁਣ ਤੱਕ): ਸਥਿਰਤਾ ਅਤੇ ਕਿਸਾਨ ਭਲਾਈ ਵੱਲ ਹਾਲ ਹੀ ਦੇ ਦਹਾਕਿਆਂ ਵਿੱਚ, ਖੇਤੀਬਾੜੀ ਸੁਧਾਰਾਂ ਦਾ ਧਿਆਨ ਇਸ ਖੇਤਰ ਨੂੰ ਕਿਸਾਨਾਂ ਲਈ ਵਧੇਰੇ ਟਿਕਾਊ, ਲਚਕੀਲਾ ਅਤੇ ਲਾਭਦਾਇਕ ਬਣਾਉਣ 'ਤੇ ਰਿਹਾ ਹੈ।



ਕਿਸਾਨ ਭਲਾਈ ਯੋਜਨਾਵਾਂ: ਸਰਕਾਰ ਨੇ ਕਿਸਾਨਾਂ ਨੂੰ ਸਿੱਧੇ ਤੌਰ 'ਤੇ ਲਾਭ ਪਹੁੰਚਾਉਣ ਲਈ ਕਈ ਯੋਜਨਾਵਾਂ ਸੁਰੂ ਕੀਤੀਆਂ ਹਨ, ਜਿਵੇਂ ਕਿ ਪ੍ਰਧਾਨ ਮੰਤਰੀ ਕ੍ਰਿਸੀ ਸਿੰਚਾਈ ਯੋਜਨਾ (ਸਿੰਚਾਈ ਪ੍ਰਦਾਨ ਕਰਨ ਲਈ), ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ (ਫਸਲ ਬੀਮਾ), ਅਤੇ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ (ਆਮਦਨ ਸਹਾਇਤਾ)।

ਜੈਵਿਕ ਖੇਤੀ ਅਤੇ ਮਿੱਟੀ ਦੀ ਸਿਹਤ: ਪਰੰਪਰਾਗਤ ਖੇਤੀਬਾੜੀ ਵਿਕਾਸ ਯੋਜਨਾ ਵਰਗੀਆਂ ਯੋਜਨਾਵਾਂ ਰਾਹੀਂ ਜੈਵਿਕ ਖੇਤੀ ਨੂੰ ਉਤਸਾਹਿਤ ਕਰਨ ਅਤੇ ਕਿਸਾਨਾਂ ਨੂੰ ਆਪਣੀ ਮਿੱਟੀ ਦੇ ਪ੍ਰਭਾਵਸਾਲੀ ਢੰਗ ਨਾਲ ਪ੍ਰਬੰਧਨ ਵਿੱਚ ਮਦਦ ਕਰਨ ਲਈ ਮਿੱਟੀ ਸਿਹਤ ਕਾਰਡ ਪ੍ਰਦਾਨ ਕਰਨ ਲਈ ਜੋਰ ਦਿੱਤਾ ਗਿਆ ਹੈ।

ਡਿਜੀਟਾਈਜੇਸਨ ਅਤੇ ਬੁਨਿਆਦੀ ਢਾਂਚਾ: ਪ੍ਰਭਾਵਸਾਲੀ ਯੋਜਨਾਬੰਦੀ ਅਤੇ ਨੀਤੀ ਨਿਰਮਾਣ ਲਈ ਇੱਕ ਸੰਘੀ ਡੇਟਾਬੇਸ ਬਣਾਉਣ ਲਈ "ਐਗਰੀਸਟੈਕ" ਵਰਗੀਆਂ ਪਹਿਲਕਦਮੀਆਂ ਸੁਰੂ ਕੀਤੀਆਂ ਗਈਆਂ ਹਨ। ਸਰਕਾਰ ਨੇ ਬਿਹਤਰ ਬੁਨਿਆਦੀ ਢਾਂਚਾ ਬਣਾਉਣ 'ਤੇ ਵੀ ਧਿਆਨ ਕੇਂਦਰਿਤ ਕੀਤਾ ਹੈ, ਜਿਸ ਵਿੱਚ ਗੋਦਾਮ ਅਤੇ ਕੋਲਡ ਸਟੋਰੇਜ ਸਹੂਲਤਾਂ ਸਾਮਲ ਹਨ, ਅਤੇ ਬਾਜਾਰ ਪਹੁੰਚ ਨੂੰ ਵਧਾਉਣ ਲਈ ਕਿਸਾਨ ਉਤਪਾਦਕ ਸੰਗਠਨਾਂ ਨੂੰ ਉਤਸਾਹਿਤ ਕੀਤਾ ਗਿਆ ਹੈ। ਹੁਣ ਤੱਕ ਦਾ ਸਫਰ: ਮੁੱਖ ਨਤੀਜੇ ਪਿਛਲੇ 78 ਸਾਲਾਂ ਵਿੱਚ, ਭਾਰਤ ਦੇ ਖੇਤੀਬਾੜੀ ਸੁਧਾਰਾਂ ਦੇ ਨਤੀਜੇ ਵਜੋਂ ਇੱਕ ਸਾਨਦਾਰ ਤਬਦੀਲੀ ਆਈ ਹੈ:

ਖੁਰਾਕ ਘਾਟੇ ਤੋਂ ਖੁਰਾਕ ਸਰਪਲੱਸ ਤੱਕ: ਭਾਰਤ ਹੁਣ ਦੁੱਧ, ਦਾਲਾਂ, ਮਸਾਲੇ, ਫਲ ਅਤੇ ਸਬਜੀਆਂ ਸਮੇਤ ਖੇਤੀਬਾੜੀ ਵਸਤੂਆਂ ਦੀ ਵਿਸਾਲ ਸ੍ਰੇਣੀ ਦੇ ਸਭ ਤੋਂ ਵੱਡੇ ਉਤਪਾਦਕਾਂ ਵਿੱਚੋਂ ਇੱਕ ਹੈ।

ਵਧੀ ਹੋਈ ਉਤਪਾਦਕਤਾ: ਫਸਲਾਂ ਦੇ ਉਤਪਾਦਨ ਅਤੇ ਉਤਪਾਦਕਤਾ ਵਿੱਚ ਕਈ ਗੁਣਾ ਵਾਧਾ ਹੋਇਆ ਹੈ, ਜਿਸ ਨਾਲ ਵਧਦੀ ਆਬਾਦੀ ਲਈ ਭੋਜਨ ਸੁਰੱਖਿਆ ਯਕੀਨੀ ਬਣੀ ਹੈ।



ਆਰਥਿਕ ਯੋਗਦਾਨ: ਖੇਤੀਬਾੜੀ ਖੇਤਰ ਭਾਰਤੀ ਅਰਥਵਿਵਸਥਾ ਦਾ ਇੱਕ ਮਹੱਤਵਪੂਰਨ ਹਿੱਸਾ ਬਣਿਆ ਹੋਇਆ ਹੈ, ਜੋ ਆਬਾਦੀ ਦੇ ਇੱਕ ਮਹੱਤਵਪੂਰਨ ਹਿੱਸੇ ਨੂੰ ਰੋਜੀ-ਰੋਟੀ ਪ੍ਰਦਾਨ ਕਰਦਾ ਹੈ ਅਤੇ ਦੇਸ ਦੇ ਨਿਰਯਾਤ ਵਿੱਚ ਯੋਗਦਾਨ ਪਾਉਂਦਾ ਹੈ। ਜਦੋਂ ਕਿ ਜਲਵਾਯੂ ਪਰਿਵਰਤਨ, ਛੋਟੀਆਂ ਜਮੀਨਾਂ ਅਤੇ ਬਿਹਤਰ ਬਾਜਾਰ ਸਬੰਧਾਂ ਦੀ ਜਰੂਰਤ ਵਰਗੀਆਂ ਚੁਣੌਤੀਆਂ ਕਾਇਮ ਹਨ, ਆਜਾਦੀ ਤੋਂ ਬਾਅਦ ਭਾਰਤ ਦੇ ਖੇਤੀਬਾੜੀ ਸੁਧਾਰਾਂ ਦੀ ਯਾਤਰਾ ਇੱਕ ਸਵੈ-ਨਿਰਭਰ ਅਤੇ ਭੋਜਨ-ਸੁਰੱਖਿਅਤ ਰਾਸਟਰ ਬਣਾਉਣ ਪ੍ਰਤੀ ਇਸਦੀ ਵਚਨਬੱਧਤਾ ਦਾ ਪ੍ਰਮਾਣ ਹੈ।

**ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ ਐਜੂਕੇਸਨਲ ਕਾਲਮਨਵੀਸ ਗਰਗ ਉੱਘੇ ਸਿੱਖਿਆ ਸਾਸਤਰੀ ਗਲੀ ਕੌਰ ਚੰਦ ਐਮ.ਐਚ.ਆਰ. ਮਲੋਟ ਪੰਜਾਬ - 152107**



# ਯੁੱਧ ਨਸ਼ੇ ਵਿਰੁੱਧ ਵਿੱਚ ਸਾਥ ਲੈਣ ਲਈ ਜਨਰਲ ਡਿਊਟੀ ਡਾਕਟਰਾਂ ਨੂੰ ਦਿੱਤੀ ਸਿਖਲਾਈ

ਅੰਮ੍ਰਿਤਸਰ (ਲੋਕ ਬਾਣੀ)- ਪੰਜਾਬ ਸਰਕਾਰ ਵੱਲੋਂ ਨਸਿ?ਆਂ ਵਿਰੁੱਧ ਸੁਰੂ ਕੀਤੇ ਗਏ ਯੁੱਧ ਵਿੱਚ ਹਰੇਕ ਵਰਗ ਦਾ ਸਾਥ ਲੈਣ ਦੀ ਕੋਸਿ?ਸ ਕੀਤੀ ਜਾ ਰਹੀ ਹੈ, ਜਿਸ ਦੇ ਤਹਿਤ ਅੱਜ ਜਨਰਲ ਡਿਊਟੀ ਡਾਕਟਰਾਂ ਨੂੰ ਨਸੇ ਦੇ ਮਰੀਜਾਂ ਦਾ ਇਲਾਜ ਕਰਨ ਲਈ ਵਿਸੇਸ ਮਾਹਿਰਾਂ ਵੱਲੋਂ ਸਿਖਲਾਈ ਦਿੱਤੀ ਗਈ। ਅੱਜ ਇਹਨਾਂ ਡਾਕਟਰਾਂ ਦਾ ਪਹਿਲਾ ਬੈਚ ਅੰਮ੍ਰਿਤਸਰ ਵਿੱਚ ਸਿੱਖਿਅਤ ਹੋਇਆ, ਜਿਸ ਨੂੰ ਸਿਹਤ ਮੰਤਰੀ ਸ੍ਰੀ ਬਲਬੀਰ ਸਿੰਘ ਨੇ ਸਰਟੀਫਿਕੇਟ ਦੇ ਕੇ ਆਸੀਰਵਾਦ ਦਿੱਤਾ। ਇਸ ਮੌਕੇ ਸੰਬੋਧਨ ਕਰਦੇ ਸਿਹਤ ਮੰਤਰੀ ਨੇ ਕਿਹਾ ਕਿ ਸਮਾਜ ਦੇ ਹਰੇਕ ਵਰਗ ਦੀ ਜ਼ਿੰਮੇਵਾਰੀ ਇਸ ਨਸ਼ੇ ਰੂਪੀ ਕੋਹੜ ਨੂੰ ਪੰਜਾਬ ਤੋਂ ਦੂਰ ਕਰਨ ਦੀ ਬਣਦੀ ਹੈ ਜਿਸ ਵਿੱਚ ਡਾਕਟਰਾਂ ਦੇ ਵੱਡੇ ਸਾਥ ਦੀ ਲੋੜ ਹੈ। ਉਹਨਾਂ ਕਿਹਾ ਕਿ ਅਸੀਂ ਪਹਿਲਾਂ ਆਪਣੇ ਡਾਕਟਰਾਂ ਨੂੰ ਏਮਜ ਤੋਂ ਇਸ ਕੰਮ ਲਈ ਸਿੱਖਿਆ ਦਿਵਾ ਕੇ ਮਾਸਟਰ ਟਰੇਨਰ ਬਣਾਇਆ ਅਤੇ ਹੁਣ ਉਹਨਾਂ ਟਰੇਨਰਾਂ ਵੱਲੋਂ ਡਾਕਟਰਾਂ ਅਤੇ ਹੋਰ ਪੈਰਾਮੈਡੀਕਲ ਸਟਾਫ ਤੱਕ ਨੂੰ ਇਸ ਲਈ ਸਿਖਲਾਈ ਦਿੱਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਸਾਡੀਆਂ ਕੋਸਿ?ਸਾਂ ਸਦਕਾ ਪੰਜਾਬ ਵਿੱਚ ਨਸਿ?ਆਂ ਨੂੰ ਲੈ ਕੇ ਜਾਗਰੂਕਤਾ ਆਈ ਹੈ। ਲੋਕ ਸਾਨੂੰ ਅਤੇ ਪੁਲਿਸ ਨੂੰ ਸੂਚਨਾ ਦੇਣ ਲੱਗੇ ਹਨ ਅਤੇ ਨਸੇ ਦਾ ਇਲਾਜ ਕਰਵਾਉਣ ਲਈ ਵੀ ਅੱਗੇ ਆਉਣ ਲੱਗੇ ਹਨ।

# ਡੀਏਵੀ ਇੰਟਰਨੈਸਨਲ ਸਕੂਲ ਨੇ 79ਵੇਂ ਆਜਾਦੀ ਦਿਵਸ 'ਤੇ 'ਜਸ਼ਨ-ਏ-ਆਜਾਦੀ' ਪ੍ਰੋਗਰਾਮ ਦਾ ਆਯੋਜਨ ਕੀਤਾ

ਅੰਮ੍ਰਿਤਸਰ, (ਲੋਕ ਬਾਣੀ)- ਡੀਏਵੀ ਇੰਟਰਨੈਸਨਲ ਸਕੂਲ, ਅੰਮ੍ਰਿਤਸਰ ਨੇ ਪ੍ਰਿੰਸੀਪਲ ਡਾ.ਅੰਜਨਾ ਗੁਪਤਾ ਦੀ ਪ੍ਰਧਾਨਗੀ ਹੇਠ 79ਵੇਂ ਆਜਾਦੀ ਦਿਵਸ ਦੇ ਮੌਕੇ 'ਤੇ 'ਜਸਨ-ਏ-ਆਜਾਦੀ' ਪ੍ਰੋਗਰਾਮ ਦਾ ਆਯੋਜਨ ਕੀਤਾ। ਇਸ ਮੌਕੇ ਅੰਮ੍ਰਿਤਸਰ ਸਹਿਰ ਦੇ ਪ੍ਰਸਿੱਧ ਸਰਜਨ ਡਾ.ਰਵੀ ਕੁਮਾਰ ਮਹਾਜਨ ਮੁੱਖ ਮਹਿਮਾਨ ਸਨ। ਸਭ ਤੋਂ ਪਹਿਲਾਂ ਸਕੂਲ ਦੇ ਵਿਹੜੇ ਵਿੱਚ ਝੰਡਾ ਲਹਿਰਾਉਣ ਦੇ ਨਾਲ-ਨਾਲ ਰਾਸਟਰੀ ਗੀਤ ਗਾਇਆ ਗਿਆ। ਮੁੱਖ ਮਹਿਮਾਨ ਨੇ ਹਵਾ ਵਿੱਚ ਰੰਗੀਨ ਗੁਬਾਰੇ ਛੱਡੇ, ਜੋ ਰਾਸਟਰਵਾਦ ਦਾ ਪ੍ਰਤੀਕ ਹਨ। ਇਸ ਤੋਂ ਬਾਅਦ, ਸਟੇਜ ਪ੍ਰੋਗਰਾਮ ਸੁਰੂ ਹੋਇਆ। ਪ੍ਰਿੰਸੀਪਲ ਡਾ. ਅੰਜਨਾ ਗੁਪਤਾ ਨੇ ਮੁੱਖ ਮਹਿਮਾਨ ਦਾ ਸਵਾਗਤ ਯਾਦਗਾਰੀ ਚਿੰਨ੍ਹ ਭੇਟ ਕਰਕੇ ਕੀਤਾ। ਆਜਾਦੀ ਦਿਵਸ ਦੇ ਸਾਨਦਾਰ ਪ੍ਰੋਗਰਾਮ ਦੀ ਸੁਰੂਆਤ ਗਿਆਨ ਦੀ ਰੌਸਨੀ ਦਾ ਪ੍ਰਤੀਕ ਦੀਵਾ ਜਗਾ ਕੇ ਕੀਤੀ ਗਈ। ਇਸ ਮੌਕੇ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੇ ਵੱਖ-ਵੱਖ ਪੇਸਕਾਰੀਆਂ ਰਾਹੀਂ ਆਪਣੀ ਪ੍ਰਤਿਭਾ ਅਤੇ ਦੇਸ ਪ੍ਰਤੀ ਪਿਆਰ ਦਾ ਪ੍ਰਦਰਸਨ



ਕੀਤਾ। ਰੰਗ-ਬਿਰੰਗੇ ਪਹਿਰਾਵੇ ਵਿੱਚ ਸਜੇ ਵਿਦਿਆਰਥੀਆਂ ਨੇ ਮਨਮੋਹਕ ਦੇਸ ਭਗਤੀ ਦੇ ਗੀਤ ਪੇਸ ਕੀਤੇ, ਜਿਨ੍ਹਾਂ ਦੀਆਂ ਮਿੱਠੀਆਂ ਆਵਾਜਾਂ ਨੇ ਮਾਹੌਲ ਨੂੰ ਦੇਸ ਭਗਤੀ ਨਾਲ ਭਰ ਦਿੱਤਾ। ਮੁੱਖ ਮਹਿਮਾਨ ਡਾ.ਰਵੀ ਕੁਮਾਰ ਮਹਾਜਨ ਨੇ ਬੱਚਿਆਂ ਦੀ ਸੁੰਦਰ ਅਤੇ ਭਾਵੁਕ ਪੇਸਕਾਰੀ ਦੀ ਪ੍ਰਸੰਸਾ ਕੀਤੀ ਅਤੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅਣਗਿਣਤ ਕੁਰਬਾਨੀਆਂ ਅਤੇ ਸਖਤ ਸੰਘਰਸ ਤੋਂ ਬਾਅਦ ਪ੍ਰਾਪਤ ਕੀਤੀ ਆਜਾਦੀ ਨੂੰ ਬਣਾਈ ਰੱਖਣਾ ਸਾਡਾ ਸਾਰਿਆਂ ਦਾ ਫਰਜ ਹੈ। ਸਾਡੇ ਬਹਾਦਰ ਸੈਨਿਕ ਸਰਹੱਦਾਂ ਦੀ ਰਾਖੀ ਕਰ ਰਹੇ ਹਨ, ਸਾਡਾ ਫਰਜ ਹੈ ਕਿ ਅਸੀਂ ਆਪਣਾ ਕੰਮ ਪੂਰੀ ਇਮਾਨਦਾਰੀ ਅਤੇ ਸਮਰਪਣ ਨਾਲ ਕਰੀਏ। ਇਹ ਦਿਨ ਹਰ ਭਾਰਤੀ ਨੂੰ ਨਵੇਂ ਉਤਸਾਹ, ਨਵੀਂ ਊਰਜਾ ਅਤੇ ਨਵੀਂ ਲਹਿਰ ਨਾਲ ਭਰਨ ਵਾਲਾ ਹੈ। ਦੇਸ ਨੂੰ ਗੁਲਾਮੀ ਦੀਆਂ ਜੰਜੀਰਾਂ ਤੋਂ ਮੁਕਤ ਕਰਨ ਅਤੇ ਆਪਣੇ ਸੁਪਨਿਆਂ ਦੇ ਭਾਰਤ ਨੂੰ ਬਣਾਉਣ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਨਾਇਕਾਂ ਨੂੰ ਸਰਧਾਂਜਲੀ ਦੇਣਾ ਸਾਡਾ ਪਹਿਲਾ ਫਰਜ ਹੈ। ਪ੍ਰਿੰਸੀਪਲ ਡਾ.ਅੰਜਨਾ ਗੁਪਤਾ ਨੇ ਮੁੱਖ ਮਹਿਮਾਨ ਦੀ ਉਨ੍ਹਾਂ ਦੀ ਅਨਮੋਲ ਮੌਜੂਦਗੀ ਲਈ ਧੰਨਵਾਦ ਕੀਤਾ ਅਤੇ ਸਾਰਿਆਂ ਨੂੰ ਆਜਾਦੀ ਦਿਵਸ ਦੀ ਵਧਾਈ ਦਿੱਤੀ। ਆਪਣੇ ਸੰਬੋਧਨ ਵਿੱਚ ਉਨ੍ਹਾਂ ਕਿਹਾ ਕਿ ਅੱਜ ਦੇਸ ਨੂੰ ਆਜਾਦੀ ਮਿਲੇ ਅਠੱਤਰ ਸਾਲ ਹੋ ਗਏ ਹਨ। ਜਦੋਂ ਦੇਸ ਅੰਗਰੇਜਾਂ ਦੇ ਅਧੀਨ ਸੀ, ਤਾਂ ਗਰੀਬੀ, ਅਨਪੜ੍ਹਤਾ, ਬੇਰੁਜਗਾਰੀ, ਧਾਰਮਿਕ ਕੱਟੜਤਾ ਆਪਣੇ ਸਿਖਰ 'ਤੇ ਸੀ। ਆਜਾਦੀ ਤੋਂ ਬਾਅਦ, ਦੇਸ ਦਾ ਸਰਵਪੱਖੀ ਵਿਕਾਸ ਸੁਰੂ ਹੋਇਆ। ਖੇਤੀਬਾੜੀ, ਸਿੱਖਿਆ, ਦਵਾਈ ਅਤੇ ਉਦਯੋਗਾਂ ਦੇ ਵਿਸਥਾਰ ਨਾਲ, ਦੇਸ ਤਰੱਕੀ ਦੇ ਰਾਹ 'ਤੇ ਵਧਣ ਲੱਗਾ। ਅੱਜ, ਭਾਰਤ ਨੇ ਵਿਸਵ ਪੱਧਰ 'ਤੇ ਆਪਣੀ ਪਛਾਣ ਬਣਾਈ ਹੈ। ਇਸ ਸੁਭ ਮੌਕੇ 'ਤੇ, ਸਾਨੂੰ ਇਹ ਪ੍ਰਣ ਲੈਣਾ ਚਾਹੀਦਾ ਹੈ ਕਿ ਅਸੀਂ ਇਮਾਨਦਾਰੀ ਅਤੇ ਅਨੁਸਾਸਨ ਨੂੰ ਆਪਣੇ ਜੀਵਨ ਦਾ ਮੰਤਰ ਬਣਾਵਾਂਗੇ ਅਤੇ ਹਮੇਸਾ ਦੇਸ ਪ੍ਰਤੀ ਪਿਆਰ ਅਤੇ ਵਫਾਦਾਰੀ ਬਣਾਈ ਰੱਖਾਂਗੇ।



# ਕਾਲੀ ਮਾਤਾ ਮੰਦਰ ਧਰਮਸਾਲਾ ਵਿਖੇ ਅੱਖਾਂ ਦਾ ਮੁਫਤ ਚੈਕਅੱਪ ਕੈਂਪ ਲਗਾਇਆ ਗਿਆ

ਖਨੌਰੀ, (ਲੋਕ ਬਾਣੀ)- ਅੱਜ ਮਿਤੀ 14/08/25 ਨੂੰ ਰਾਸਟਰੀ ਬਜਰੰਗ ਦਲ ਵੱਲੋਂ ਕਾਲੀ ਮਾਤਾ ਮੰਦਿਰ ਧਰਮਸਾਲਾ ਖਨੌਰੀ ਵਿਖੇ ਅੱਖਾਂ ਦਾ ਮੁਫਤ ਚੈਕਅੱਪ ਕੈਂਪ ਲਗਾਇਆ ਗਿਆ ਜਿਸ ਵਿੱਚ ਜੈ ਮਾਂ ਸਰਸਵਤੀ ਜਾਗਰਣ ਮੰਡਲ ਖਨੌਰੀ ਦੀ ਟੀਮ ਵੱਲੋਂ ਸੇਵਾ ਨਿਭਾਈ ਗਈ। ਰਾਸਟਰੀ ਬਜਰੰਗ ਦਲ ਅਤੇ ਜੈ ਮਾਂ ਸਰਸਵਤੀ ਜਾਗਰਣ ਮੰਡਲ ਖਨੌਰੀ ਦੇ ਮੈਂਬਰਾਂ ਸੁਨੀਲ ਕੁਮਾਰ, ਰਾਜ ਕੁਮਾਰ ਰਾਜੂ, ਕਰਮਵੀਰ ਗਰਗ, ਪ੍ਰਧਾਨ ਨਿਤਿਨ ਮਿੱਤਲ, ਗੌਰਵ ਸਿੰਗਲਾ, ਰਿੰਕੂ ਸਿੰਗਲਾ, ਲਲਿਤ ਵਰਮਾ, ਸੰਦੀਪ ਗੋਇਲ, ਸੰਜੇ ਸਿੰਗਲਾ, ਲਵਪ੍ਰੀਤ ਕੁਮਾਰ, ਅਜੈ ਸਰਮਾ, ਵੰਸ ਸਿੰਗਲਾ ਨੇ ਆਪਣੀ ਸਮੁੱਚੀ ਟੀਮ ਨਾਲ ਕੈਂਪ ਵਿੱਚ ਆਉਣ ਵਾਲੇ ਮਰੀਜਾਂ ਲਈ ਵਧੀਆ ਪ੍ਰਬੰਧ ਕੀਤੇ ਸਨ। ਡਾ: ਹਿਮਾਂਸ ਅਗਰਵਾਲ ਨੇ ਆਪਣੀ ਟੀਮ ਸਮੇਤ ਕੈਂਪ ਵਿਚ ਆਏ ਮਰੀਜਾਂ ਦੀ ਨਿਰਸਵਾਰਥ ਸੇਵਾ ਕੀਤੀ . ਇਸ ਮੌਕੇ ਭਾਜਪਾ ਦੇ ਸੀਨੀਅਰ ਆਗੂ ਸਤੀਸ ਬਾਂਸਲ, ਅਸੋਕ ਗਰਗ, ਭਾਜਪਾ ਮੰਡਲ ਪ੍ਰਧਾਨ ਸੋਨੂੰ ਮਿੱਤਲ, ਭੂਸਨ ਗੋਇਲ, ਜਗਜੀਤ ਗੋਠਵਾਲ, ਸਚਿਨ ਕੁਮਾਰ ਆਦਿ ਵੀ ਹਾਜਰ ਸਨ।

**ਮਾਂ ਸਰਸਵਤੀ ਜਾਗਰਣ ਮੰਡਲ ਖਨੌਰੀ ਦੇ ਮੈਂਬਰਾਂ ਸੁਨੀਲ ਕੁਮਾਰ, ਰਾਜ ਕੁਮਾਰ ਰਾਜੂ, ਕਰਮਵੀਰ ਗਰਗ, ਪ੍ਰਧਾਨ ਨਿਤਿਨ ਮਿੱਤਲ, ਗੌਰਵ ਸਿੰਗਲਾ, ਰਿੰਕੂ ਸਿੰਗਲਾ, ਲਲਿਤ ਵਰਮਾ, ਸੰਦੀਪ ਗੋਇਲ, ਸੰਜੇ ਸਿੰਗਲਾ, ਲਵਪ੍ਰੀਤ ਕੁਮਾਰ, ਅਜੈ ਸਰਮਾ, ਵੰਸ ਸਿੰਗਲਾ ਨੇ ਆਪਣੀ ਸਮੁੱਚੀ ਟੀਮ ਨਾਲ ਕੈਂਪ ਵਿੱਚ ਆਉਣ ਵਾਲੇ ਮਰੀਜਾਂ ਲਈ ਕੀਤੇ ਸਨ ਵਧੀਆ ਪ੍ਰਬੰਧ**

**ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ ਕਿ ਉਹ ਇੰਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨ੍ਹਾਂ ਤੱਥਾਂ ਦੀ ਪੜਤਾਲ , ਪੁਸ਼ਟੀ ਕਰ ਲੈਣ।ਰੋਜ਼ਾਨਾ ਲੋਕ ਬਾਣੀ 'ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾਂ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ । ਖਬਰਾਂ ਪ੍ਰਤੀ ਜ਼ਿੰਮੇਵਾਰੀ ਪੱਤਰਕਾਰ ਦੀ ਹੋਵੇਗੀ।**

*Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of, Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com*

समस्त क्षेत्र निवासियों को स्वतंत्रता दिवस की हार्दिक शुभकामनाऐं

जे. के. बत्ता सीनियर रिपोटर
न्यू चण्डीगढ़ – खरड़
विशेषांक मो. 9876894717

IMPERIAL GOLF GREENS
NAYAGAON, MOHALI

# इंपीरियल गोल्फ ग्रीन्स

नयागांव में करें बेहतर जीवन की शुरूआत

रोजमर्रा के संघर्षों को अलविदा कहें और आज ही अपने सपनों का घर बनाएं!



## क्या आप नयागांव की चुनौतियों से थक चुके हैं?

**हम समझते हैं आपकी समस्याएं**

- टूटी और संकरी सड़कें
- उचित पार्किंग का अभाव
- भीड़भाड़ और अनियोजित रहने की जगहें

## इंपीरियल गोल्फ ग्रीन्स

- आधुनिक जीवन शैली के लिए डिज़ाइनड 50 एकड़ की गेटेड टाउनशिप
- फ्रीहोल्ड रिहाइशी प्लॉट (100-250 गज)
- आने जाने के लिए चौड़ी और पक्की सड़कें
- आपकी सुविधा के लिए समर्पित पार्किंग
- हरे-भरे पार्क और वृक्ष-युक्त सड़कें
- आपके परिवार की सुरक्षा के लिए 24/7 सुरक्षा

Upgrade Your Lifestyle Today! **अभी संपर्क करें !** +91 93579 93579

DSPWHS
**DEFENCE & SERVICES PERSONNEL'S WELFARE HOUSING SOCIETY**
**CORP. OFFICE:** A-12, Industrial Area, Phase-6, Mohali (Punjab), India

---

ਸਮੂਹ ਨਗਰ ਨਿਵਾਸੀਆਂ ਨੂੰ



स्वतंत्रता दिवस 15TH AUGUST

ਦੀਆਂ ਲੱਖ-ਲੱਖ ਵਧਾਈਆਂ।

**ਗੁਰਪ੍ਰਤਾਪ ਸਿੰਘ ਪਡਿਆਲਾ**
ਸੀਨਿਅਰ ਕਾਂਗਰਸੀ ਨੇਤਾ
ਮੋ. 9888900095

---

AUGUST 15 स्वतंत्रता दिवस

# ਤੁਹਾਡਾ ਆਪਣਾ ਮਾਂ-ਬੋਲੀ ਅਖਬਾਰ

## ਖਬਰਾਂ ਅਤੇ ਇਸ਼ਤਿਹਾਰ ਭੇਜਣ ਲਈ ਸੰਪਰਕ ਕਰੋ ਜੀ



**98768-94717**

SR. REPORTER
**ER. J.K. BATTA**

E-mail : jkumarngaon@gmail.com

---

## DAS ASSOCIATES

ਵਲੋਂ

## ਨਿਊ ਚੰਡੀਗੜ੍ਹ ਵਿਚ ਸਾਰੀਆਂ ਤਰਾਹ ਦੀ ਪ੍ਰਾਪਰਟੀ ਖਰੀਦਣ /ਬੇਚਣ ਲਈ ਸੰਪਰਕ ਕਰੋ

**GATED LOW DENSITY AREA ਵਿੱਚ INVEST ਕਰੋ ਅਤੇ 36 ਮਹੀਨਿਆਂ ਵਿੱਚ ਆਪਣੀ ਰਕਮ ਨੂੰ ਦੁੱਗਣਾ ਕਰੋ**

**Plot Size: 1 Acre (4840 ਗਜ਼) Sq. Yard**

**5 ਸਟਾਰ ਸਹੂਲਤਾਂ ਨਾਲ 20 ਏਕੜ ਵਿੱਚ ਕਲੱਬ ਹਾਊਸ**

» 80 से 100 फुट रोड़ » Maximum Park » Cycling Track » Gym » Restaurant Bar » Lake
» 50% Green Areas » Swimming Pool » Morning Walk Path » Pollution Free » Party Hall

**ਗਮਾਡਾ ਤੇ ਰੇਰਾ ਦੇ ਨਿਯਮਾਂ ਅਨੁਸਾਰ ਤੇਜੀ ਨਾਲ ਹੋ ਰਿਹਾ ਵਿਕਾਸ (ਮਾਸਟਰ ਪਲਾਨ 2008-2031) ਅਨੁਸਾਰ**



2.5 ਏਕੜ ਅਤੇ 5 ਏਕੜ ਵਿਚ ਗਮਾਡਾ ਨਿਯਮਾਂ ਦੇ ਮੁਤਾਬਿਕ
**DAS ASSOCIATES ਵਲੋਂ**
ਸ਼ਿਵਾਲਿਕ ਹਿੱਲਜ ਫੇਸਿੰਗ ਵਿਚ ਆਪਣਾ ਫਾਰਮ ਹਾਊਸ ਬਣਾਓ

• LAND ACQUISITION • FARM HOUSE • RESORTS • EDUCATIONAL • COMMERCIAL • SPORTS AREA

» ਟਾਟਾ ਕੈਂਸਰ ਹਸਪਤਾਲ
» ਗਰੇਵਾਲ ਆਈ ਇੰਸਟੀਟਿਊਟ
» ਸਿਸਵਾਂ ਲੇਕ (ਟੂਰਿਸਟ ਪਲੇਸ)
» ਸਟ੍ਰਾਬੇਰੀ ਫੀਲਡਜ਼ ਹਾਈ ਸਕੂਲ
» ਦੂਨ ਇੰਟਰਨੈਸ਼ਨਲ ਸਕੂਲ
» New Chandigarh (Mullanpur) ਵਿਚ ਸਬ ਤੋਂ ਵੱਡਾ ਅੰਤਰਰਾਸ਼ਟਰੀਯ PCA Cricket Stadium
» ਇੰਟਰਨੈਸ਼ਨਲ ਏਅਰਪੋਰਟ ਰੋਡ ਕੁਨੈਕਟੀਵਿਟੀ (ਪੀ.ਆਰ.-7)
» ਪ੍ਰਦੂਸ਼ਣ ਮੁਕਤ ਏਰੀਆ, ਜਿਆਦਾ ਹਰਾ ਭਰਾ, ਚੌੜੀਆਂ ਸੜਕਾਂ
» ਇੰਟਰਨੈਸ਼ਨਲ ਮੈਚ ਚਲ ਰਹੇ ਹਨ
» ਸਾਰੇ ਸੂਬਿਆਂ ਜਿਵੇਂ ਚੰਡੀਗੜ੍ਹ, ਪੰਜਾਬ, ਹਰਿਆਣਾ ਤੇ ਹਿਮਾਚਲ ਤੋਂ 200 ਫੁੱਟ ਸੜਕ ਤੋਂ ਸਿਧਾ ਸੰਪਰਕ
» ਸ਼ਿਵਾਲਿਕ ਹਿੱਲਜ ਪਹਾੜਾਂ ਦੀ ਗੋਦ ਵਿੱਚ ਆਪਣਾ ਘਰ ਬਣਾਓ ਅਤੇ ਕੁਦਰਤੀ ਆਨੰਦ ਲਓ

**MASTER PLAN**
**NEW CHANDIGARH (2008-2031)**
Vide Memo No.12/43/2006-4M01/7883, dated 11th December, 2008
Vide Notification No.12/43/2006-4HG1/12027, dated 24th November, 2006 under section 56(1)



**APPROVED PROJECTS**

ECOCITY Green Energy 1&2 | HYDE PARK | OMAXE | ALTUS | Marbella Grand | SUNTEC CITY | INNOVATIVE HOUSING OPPORTUNITIES | M | curo | AMBIKA | SHAM EXOTIC GROUP

UP COMING PROJECTS - Eco City 3, Low Density, Education City, Medicity, Sports Zone, Jubilee, Sham Exotic, Marbella Grand, HLP Galeria
RAVI SHARMA (DAS ASSOCIATES) - President, New Chandigarh Property Consultants Associates (NCPCA)

---

@bjpsportscellpunjab

# ਹਰ ਘਰ ਤਿਰੰਗਾ ਅਭਿਯਾਨ



ਆਪ ਸਭੀ ਸ਼ਹਿਰ ਵਸਿਆ ਨੂ
## ਰਵੀ ਸ਼ਰਮਾ
ਵਲੋਂ
## ਸੁਤੰਤਰਤਾ ਦਿਵਸ
ਦੀਆਂ
**ਲੱਖ-ਲੱਖ ਬਧਾਈਆਂ**

AUGUST 15 स्वतंत्रता दिवस



**RAVI SHARMA**
PRESIDENT
BJP SPORTS CELL,
Distt. Mohali (Punjab)

---

EST. SINCE 2005 IN MULLANPUR
RERA APPROVED (PBRERA-SAS80-REA1086)

18 सालों से लगातार लोगों का भरोसेमंद
# DAS ASSOCIATES
DEVELOP AREA SALES
BUY | RENT | SALE | LAND ACQUISITION

Chandigarh - Mullanpur Main Road, Near IDBI Bank, Mullanpur (New Chandigarh), **Mobile : 98159 59986**
Email: dasassociateschd28@gmail.com
Like, Follow & Subscribe us on YouTube

*Conditions Apply